# ਰੇਡੀਓ ਲੜੀਵਾਰ-ਜਲਵਾਯੂ ਬਦਲਾਅ - ਕਿਉਂ ਬਦਲ ਰਹੀ ਹੈਂ ਫਿਜ਼ਾਏਂ
# ਕੜੀ-3, ਧਰਤ ਗ੍ਰਹਿ ਦੀ ਜਲਵਾਯੂ ਪ੍ਰਣਾਲੀ ਦੇ ਲਈ ਜ਼ਿੰਮੇਵਾਰ ਕਾਰਕ

## ( Factors Responsible For The Climate System Of Our Planet Earth )

**ਮੂਲ ਲੇਖਕ-ਨੇਹਾ ਤ੍ਰਿਪਾਠੀ**

**ਪੰਜਾਬੀ ਰੁਪਾਂਤਰ ਤੇ ਖੋਜ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ**

([In this episode, There is a story of two kids who, at this early age, are worried about their planet earth and its future. They are curious to know the factors responsible for the climate system of our planet earth . Just like any other kid, they have a long list of questions about earth and its climate. They get their specific answers with the help of their loving and caring mother, their favourite teacher and their neighbour uncle. )

(ਇਸ ਕੜੀ ਵਿੱਚ ਦੋ ਬੱਚਿਆਂ ਦੀ ਕਹਾਣੀ ਹੈ ਜਿਹੜੇ ਇਸ ਨਿਆਣੀ ਜਿਹੀ ਉਮਰੇ ਵੀ ਸਾਡੇ ਇਸ ਧਰਤ ਗ੍ਰਹਿ ਬਾਬਤ ਅਤੇ ਇਸਦੇ ਭਵਿਖ ਬਾਬਤ ਚਿੰਤਾਤੁਰ ਹਨ । ਉਹ ਉਨ੍ਹਾਂ ਕਾਰਕਾਂ ਬਾਬਤ ਜਾਣਨਾ ਚਾਹੁੰਦੇ ਹਨ ਜਿਹੜੇ ਧਰਤ ਗ੍ਰਹਿ ਦੀ ਜਲਵਾਯੂ ਪ੍ਰਣਾਲੀ ਦੇ ਲਈ ਜ਼ਿੰਮੇਵਾਰ ਹਨ । ਹੋਰਾਂ ਬੱਚਿਆਂ ਦੀ ਤਰ੍ਹਾਂ ਹੀ ਉਨ੍ਹਾਂ ਦੇ ਕੋਲ ਵੀ ਧਰਤ ਗ੍ਰਹਿ ਬਾਬਤ ਅਤੇ ਇਸਦੇ ਜਲਵਾਯੂ ਬਾਬਤ ਪ੍ਰਸ਼ਨਾਂ ਦੀ ਇੱਕ ਲੰਬੀ ਸੂਚੀ ਹੈ । ਉਨ੍ਹਾਂ ਨੂੰ ਇਨ੍ਹਾਂ ਦੇ ਸਟੀਕ ਉਤਰ ਮਿਲਦੇ ਹਨ ਉਨ੍ਹਾਂ ਦੀ ਪਿਆਰ ਕਰਨ ਵਾਲੀ ਅਤੇ ਉਨ੍ਹਾਂ ਦੀ ਪ੍ਰਵਾਹ ਕਰਨ ਵਾਲੀ ਮਾਤਾ ਜੀ ਦੀ, ਉਨ੍ਹਾਂ ਦੇ ਹਰਮਨ ਪਿਆਰੇ ਅਧਿਆਪਕ ਦੀ ਅਤੇ ਗੁਆਂਢੀ ਚਾਚਾ ਜੀ ਦੀ ਮਦਦ ਦੇ ਨਾਲ।)

### ਪਾਤਰ

**ਔਰਤ ਸੂਤਰਧਾਰ**
**ਮਰਦ ਸੂਤਰਧਾਰ**
**ਸੁਮਿਤ:** 11 **ਸਾਲ ਦਾ ਮੁੰਡਾ (ਭਰਾ)**

**ਮਨੀਸ਼ਾ :** 8 **ਸਾਲ ਦੀ ਕੁੜੀ (ਭੈਣ)**

**ਸਰਲਾ :** 35 **ਸਾਲ ਦੀ ਔਰਤ (ਮਾਂ)**

**ਸੁਰਿੰਦਰ ਸਰ:** 28 **ਸਾਲ (ਵਿਗਿਆਨ ਦੇ ਅਧਿਆਪਕ)**

**ਡਾ. ਸਹਿਗਲ:** 40 **ਸਾਲ (ਵਾਤਾਵਰਣ ਵਿਗਿਆਨੀ)**

### ਸ਼ੁਰੂਆਤੀ ਐਲਾਨ

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣਾਇਆ ਜਾਵੇਗਾ)

ਜਲਵਾਯੂ ਬਦਲਾਅ, ਕਿਉਂ ਬਦਲ ਰਹੀ ਹੈਂ ਫਿਜ਼ਾਏਂ ......

(ਸੰਗੀਤ...)

**ਐਲਾਨ:** ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, **ਜਲਵਾਯੂ ਬਦਲਾਅ ਦੀ ਵਿਗਿਆਨ ਦੇ** ਸਾਡੇ ਨਵੇਂ ਲੜੀਵਾਰ " **ਕਿਉਂ ਬਦਲ ਰਹੀ ਹੈਂ ਫਿਜ਼ਾਏਂ** " **ਦੀ ਤੀਜੀ ਕੜੀ।**

(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)

**ਔਰਤ ਸੂਤਰਧਾਰ:** ਹਾਂ ਜੀ। ਪਿਆਰੇ ਸ੍ਰੋਤਿਓ ...ਤੁਹਾਡਾ ਸਭ ਦਾ ਅੱਜ ਦੇ **"ਜਲਵਾਯੂ ਬਦਲਾਅ ਦੀ ਵਿਗਿਆਨ"** ਦੇ ਇਸ ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ "** ਦੀ ਤੀਜੀ ਕੜੀ ਵਿੱਚ ਨਿਘਾ ਸੁਆਗਤ ਹੈ।ਜੀ ਆਇਆਂ ਨੂੰ!

**ਮਰਦ ਸੂਤਰਧਾਰ:** ਹਾਂ ! ਇਸ ਵਿਗਿਆਨ ਲੜੀਵਾਰ ਦੀ ਪਿਛਲੀ ਕੜੀ **"ਕੀ ਹੈ ਜਲਵਾਯੂ ਬਦਲਾਅ, ਕਿਵੇਂ ਹੈ ਇਹ ਭਿੰਨ ਮੌਸਮ ਨਾਲੋਂ ?"** ਵਿੱਚ ਸੁਣੀ ਸੀ ਕਹਾਣੀ ਅਸੀਂ ਸਾਡੇ ਆਧੁਨਿਕ ਵਿਕਾਸ ਦੇ ਮਾਡਲ ਕਾਰਨ ਇਸ ਧਰਤ ਗ੍ਰਹਿ ਦੇ ਬਦਲਦੇ ਜਲਵਾਯੂ ਬਾਬਤ!

**ਔਰਤ ਸੂਤਰਧਾਰ:** ਸੁਣਿਆ ਸੀ ਤੁਸੀਂ ! ਕਿ ਕਿਸ ਨੂੰ ਕਹਿੰਦੇ ਨੇ ਮੌਸਮ ? ਕੀ ਹੈ ਅੰਤਰ ਜਲਵਾਯੂ ਅਤੇ ਮੌਸਮ ਵਿੱਚ ?

**ਮਰਦ ਸੂਤਰਧਾਰ:** ਸੁਣਿਆ ਸੀ ਕਿ ਕਿਵੇਂ ਸਾਡੇ ਰੋਜਾਨਾ ਜੀਵਣ ਵਿੱਚ ਕਿਸੇ ਦਿਨ ਪੈਂਦੀ ਗਰਮੀ, ਸਰਦੀ, ਚਲਦੀ ਹਵਾ , ਕੋਹਰਾ, ਸਿਲ੍ਹ, ਬੱਦਲ ਤੇ ਵਰਖਾ ਆਦਿ ਨੂੰ ਕਹਿੰਦੇ ਨੇ ਮੌਸਮ !

**ਔਰਤ ਸੂਤਰਧਾਰ:** ਵੇਖੋ ਜੀ ! ਕਹਾਣੀ ਅਸੀਂ ਦਿੱਤੀ ਸੀ ਸੁਣਾ ਕਿ ਮੌਸਮ ਸਾਰੇ ਬਦਲਦੇ ਨੇ ਸੂਰਜ ਦੀ ਊਰਜਾ ਦੇ ਹਿਸਾਬ ਕਿਤਾਬ !

**ਮਰਦ ਸੂਤਰਧਾਰ:** ਸੁਣਾਈ ਸੀ ਕਹਾਣੀ ਕਿ ਬਦਲਦੀਆਂ ਰੁੱਤਾਂ ਵੀ ਨੇ ਮੌਸਮ ਦਾ ਹੀ ਬਦਲਾਅ ! ਜਦ ਜਿਆਦਾ ਪੈਂਦੀ ਹੈ ਗਰਮੀ ਤਾਂ ਕਿਵੇਂ ਹਵਾ ਦਾ ਸਥਾਨਕ ਦਬਾਅ ਘਟਣ ਕਰਕੇ ਆਉਂਦੀਆਂ ਨੇ ਹਨੇਰੀਆਂ ਤੇ ਝੱਖੜ !

**ਔਰਤ ਸੂਤਰਧਾਰ:** ਸੁਣਿਆ ਸੀ ਕਿ ਮੌਸਮ ਤਾਂ ਹੈ ਮਨੁੱਖੀ ਰੋਜ ਮਰ੍ਹਾ ਦਾ ਅਨੁਭਵ, ਪਰ ਜਲਵਾਯੂ ਹੈ ਇੱਕ ਵਿਗਿਆਨਕ ਹਿਸਾਬ ਕਿਤਾਬ! ਇਹ ਹੈ ਗਣਨਾ ਦਾ ਮਾਮਲਾ , ਇੱਕ ਪੂਰੀ ਸਟੀਕ ਵਿਗਿਆਨ ! ਇਹ ਨਹੀਂ ਕੰਮ ਦਿਨਾਂ ਮਹੀਨਿਆਂ ਜਾਂ ਇੱਕ ਦੋ ਸਾਲ ਦਾ !

**ਮਰਦ ਸੂਤਰਧਾਰ:**ਹਾਂ ਜੀ! ਕਿਸੇ ਥਾਂ ਦਾ ਜਲਵਾਯੂ ਬਣਦਾ ਹੈ ਤਿੰਨ ਕੁ ਦਹਾਕੇ ਦੇ ਮੌਸਮ ਦੀ ਗਣਨਾ ਕਰਕੇ ਹਿਸਾਬ ਕਿਤਾਬ ਲਾ ਕੇ ਅਸੀਂ ਕਹਿੰਦੇ ਹਾਂ ਕਿ ਕਿਸੇ ਥਾਂ ਦਾ ਜਲਵਾਯੂ ਖੁਸਕ ਜਾਂ ਤਰ ਹੈ ਠੰਢਾ ਜਾਂ ਗਰਮ ਹੈ !

**ਔਰਤ ਸੂਤਰਧਾਰ:** ਅੱਜ ਦੀ ਇਸ ਕੜੀ ਵਿੱਚ ਸੁਣਾਂਗੇ ਅਸੀਂ ਕਹਾਣੀ ਕਿ ਕਿਹੜੇ ਨੇ ਉਹ ਜੁਦਾ ਜੁਦਾ ਕਾਰਕ ਜਿੰਮੇਵਾਰ ਹਨ ਜੋ ਸਾਡੇ ਇਸ ਧਰਤ ਗ੍ਰਹਿ ਦੀ ਜਲਵਾਯੂ ਪ੍ਰਣਾਲੀ ਦੇ ਵਾਸਤੇ ! ਕੀ ਹੈ ਭੂਮਿਕਾ ਇਨ੍ਹਾਂ ਵੱਖ ਵੱਖ ਕਾਰਕਾਂ ਦੀ ਧਰਤੀ ਦੀ ਜਲਵਾਯੂ ਪ੍ਰਣਾਲੀ ਵਿੱਚ !

**ਮਰਦ ਸੂਤਰਧਾਰ:** ਲਓ ਸੁਣੋ ਇਸ ਨਵੇਂ ਲੜੀਵਾਰ **'ਕਿਉਂ ਬਦਲ ਰਹੀ ਹੈਂ ਫਿਜ਼ਾਏਂ'** ਦੀ ਤੀਜੀ ਕੜੀ **"ਧਰਤ ਗ੍ਰਹਿ ਦੀ ਜਲਵਾਯੂ ਪ੍ਰਣਾਲੀ ਦੇ ਲਈ ਜ਼ਿੰਮੇਵਾਰ ਕਾਰਕ"** । ਲਓ ! ਇਉਂ ਕਰਦੇ ਨੇ ਪੇਸ਼ਕਾਰੀ ਸਾਡੇ ਇਹ ਕਲਾਕਾਰ !

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਪਹਿਲਾ**......

**ਦ੍ਰਿਸ਼: ਸਕੂਲ ਦੇ ਬੱਚੇ ਇਕ-ਦੂਜੇ ਨਾਲ ਗੱਲਾਂ ਕਰ ਰਹੇ ਹਨ।**

**ਆਵਾਜ਼: ਤਬਾਹੀ ਜਿਵੇਂ-ਬਿਜਲੀ ਦਾ ਕੜਕਣਾ, ਤੇਜ਼ ਮੀਂਹ, ਲੋਕਾਂ ਦਾ ਚੀਕਣਾ, ਵਾਤਾਵਰਣ ਦਾ ਤਬਾਹ ਹੋਣਾ ਆਦਿ**

**ਮਨੀਸ਼ਾ** : ਸਾਡਾ ਸਕੂਲ ਸਭ ਤੋਂ ਚੰਗਾ ਹੈ.. ਇੱਥੇ ਚੀਜ਼ਾਂ ਨੂੰ ਚੰਗੀ ਤਰ੍ਹਾਂ ਸਮਝਾਉਣ ਦੇ ਲਈ ਸਾਨੂੰ ਫਿਲਮਾਂ ਵਿਖਾਉਂਦੇ ਹਨ... ਅੱਜ ਸਾਨੂੰ ਜਲਵਾਯੂ ਪਰਿਵਰਤਨ 'ਤੇ ਫਿਲਮ ਵਿਖਾਈ... ਮੈਨੂੰ ਤਾਂ ਬਹੁਤ ਮਜ਼ਾ ਆਇਆ...

**ਸੁਮਿਤ** : ਹੈਂ ! ਫਿਲਮ ਵਿੱਚ ਵਿਖਾਈ ਉਸ ਤਬਾਹੀ ਤੋਂ ਮਜ਼ਾ...?

**ਸੁਰਿੰਦਰ ਸਰ:** ਇਹ ਤਬਾਹੀ ਤਾਂ ਦਰਅਸਲ ਪ੍ਰਤੀਕਿਰਿਆ ਹੈ..

**ਸੁਮਿਤ** : ਪ੍ਰਤੀਕਿਰਿਆ ? ਕੀ ਮਤਲਬ ਸਰ?

**(ਸਕੂਲ ਦੀ ਘੰਟੀ ਵੱਜਦੀ ਹੈ।)**

**ਸੁਰਿੰਦਰ ਸਰ:** ਇਸ ਬਾਰੇ ਗੱਲ ਅਸੀਂ ਅਗਲੀ ਕਲਾਸ 'ਚ ਕਰਾਂਗੇ.. ਕੱਲ੍ਹ ਦੀ ਛੁੱਟੀ ਹੈ ! ਸਾਰੇ ਇਸ ਫ਼ਿਲਮ ਬਾਬਤ ਆਪਣੇ ਅਨੁਭਵਾਂ ਬਾਬਤ ਇੱਕ ਇੱਕ ਲੇਖ ਲਿਖ ਕੇ ਲਿਆਇਓ...! ਤੁਹਾਡੇ ਮਨ ਦੇ ਪ੍ਰਸ਼ਨਾਂ ਦੇ ਹੱਲ ਸੋਚਨਾ ਤੇ ਲੱਭਣਾ... ਸਾਰੀ ਚਰਚਾ ਆਪਾਂ ਅਗਲੀ ਕਲਾਸ ਵਿਚ ਕਰਾਂਗੇ...।

**ਸੁਮਿਤ** : ਜ਼ਰੂਰ ਸਰ...

**ਮਨੀਸ਼ਾ** : ਬਾਏ ਸਰ...

**(ਬੱਚੇ ਇਕ-ਦੂਜੇ ਨੂੰ ਬਾਏ ਕਹਿੰਦੇ ਹਨ)**

**(ਸਕੂਲ ਬੱਸ ਦੇ ਹਾਰਨ ਦੀ ਆਵਾਜ਼... ਸੜਕ 'ਤੇ ਵਾਹਨਾਂ ਦਾ ਸ਼ੋਰ)**

**(ਸੁਮਿਤ ਦੀ ਅਚਾਨਕ ਅੱਖ ਖੁੱਲ੍ਹ ਜਾਂਦੀ ਹੈ)**

**ਮਨੀਸ਼ਾ** : ਓਹ ! ਸੁਮਿਤ, ਤੂੰ ਤਾਂ ਬੱਸ 'ਚ ਹੀ ਸੌਂ ਗਿਆ ਸੀ !

**ਸੁਮਿਤ** : ਮੈਨੂੰ ਤਾਂ ਇੱਕ ਸੁਪਨਾ ਆ ਰਿਹਾ ਸੀ !

**ਮਨੀਸ਼ਾ:** ਸੁਪਨਾ ? ਕਿਸਦਾ ਸੁਪਨਾ ?

**ਸੁਮਿਤ:** ਯਾਦ ਹੈ ? ਸਰ ਨੇ ਸਾਨੂੰ ਜਲਵਾਯੂ ਪਰਿਵਰਤਨ ਬਾਰੇ ਕੀ ਦੱਸਿਆ ਸੀ..?

**ਮਨੀਸ਼ਾ** : ਹਾਂ ! ਇਹੀ ਕਿ ਜਲਵਾਯੂ ਪਰਿਵਰਤਨ ਇੱਕ ਪ੍ਰਤੀਕਿਰਿਆ ਹੈ !

**ਸੁਮਿਤ** : ਜਿਹੜੀ ਫਿਲਮ ਅਸਾਂ ਵੇਖੀ ਸੀ ਉਹ ਵੀ ਤਾਂ ਇਕ ਪ੍ਰਤੀਕਿਰਿਆ ਸੀ... ! ਚੇਤਾਵਨੀ ਸੀ...ਆਉਣ ਵਾਲੀਆਂ ਮੁਸੀਬਤਾਂ ਦੀ... ਮੈਂ ਹੁਣੇ-ਹੁਣੇ ਹੀ ਇਕ ਸੁਪਨਾ ਵੇਖਿਆ.. ਮੈਂ ਤਾਂ ਜਲਦੀ – ਜਲਦੀ ਘਰ ਪਹੁੰਚਣਾ ਵਾ... !

**ਮਨੀਸ਼ਾ** : ਲੈ ... ਆ ਗਿਆ ਵਾ ਘਰ ਤਾਂ...

**(ਸੁਮਿਤ-ਮਨੀਸ਼ਾ ਬੱਸ 'ਚੋਂ ਉਤਰਦੇ ਹਨ, ਆਪਣੇ ਦੋਸਤਾਂ ਨੂੰ ਬਾਏ ਕਰਦੇ ਹਨ)**

**(ਘਰ ਦੀ ਘੰਟੀ ਵੱਜਦੀ ਹੈ)**

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਦੂਜਾ**......

**( ਦਰਵਾਜ਼ਾ ਖੁੱਲ੍ਹਣ ਦੀ ਆਵਾਜ਼)**

**ਸਰਲਾ** : ਬੱਚਿਓ, ਆ ਗਏ.. ਕਿਵੇਂ ਹੋ ਤੁਸੀਂ ? ਕਿਵੇਂ ਰਿਹਾ ਅੱਜ ਦਾ ਦਿਨ ?

**(ਸੁਮਿਤ ਸਿੱਧਾ ਆਪਣੇ ਕਮਰੇ 'ਚ ਚਲਾ ਜਾਂਦਾ ਹੈ ਤੇ ਜ਼ੋਰ ਨਾਲ ਦਰਵਾਜ਼ਾ ਬੰਦ ਕਰਦਾ ਹੈ)**

**(ਜੋਰ ਨਾਲ ਦਰਵਾਜ਼ਾ ਬੰਦ ਹੋਣ ਦੀ ਤੇਜ ਆਵਾਜ਼)**

**ਸਰਲਾ** : ਇਸ ਨੂੰ ਕੀ ਹੋਇਆ ਵਾ ?

**ਮਨੀਸ਼ਾ** : ਮਾਂ, ਅੱਜ ਚੌਥਾ ਸ਼ਨੀਵਾਰ ਹੈ, ਸਾਨੂੰ ਸਕੂਲ ਵਿਚ ਧਰਤੀ ਅਤੇ ਵਾਤਾਵਰਨ ਬਾਰੇ ਇੱਕ ਫ਼ਿਲਮ ਵਿਖਾਈ ਗਈ ਸੀ… ਇਸ ਵਿੱਚ ਬਹੁਤ ਸਾਰਾ ਐਕਸ਼ਨ ਵੀ ਸੀ... ਵੀਰਾ ਫ਼ਿਲਮ ਵੇਖਣ ਤੋਂ ਬਾਅਦ ਕਾਫ਼ੀ ਅਜੀਬੋ-ਗਰੀਬ ਵਰਤਾਓ ਕਰ ਰਿਹਾ ਹੈ.. ਉਹ ਤਾਂ ਅੱਜ ਬੱਸ ਵਿਚ ਸੌਂ ਵੀ ਗਿਆ ਸੀ..

**ਸੁਮਿਤ** : **(ਕਮਰੇ 'ਚੋਂ ਚੀਕਦੇ ਹੋਏ)** ਮਾਂ, ਮੈਂ ਬੱਸ 'ਚ ਇਕ ਅਜੀਬ ਜਿਹਾ ਸੁਪਨਾ ਵੇਖਿਆ…

**ਸਰਲਾ** : ਅਜੀਬ ਸੁਪਨਾ……? ਕਿਹੋ ਜਿਹਾ ਅਜੀਬ ਸੁਪਨਾ……?

**ਸੁਮਿਤ** : **(ਕਮਰੇ 'ਚੋਂ ਦਲ੍ਹਾਨ 'ਚ ਆਉਂਦੇ ਹੋਏ)** ਮਾਂ, ਸੁਪਨੇ 'ਚ ਮੈਂ ਵੇਖਿਆ ਕਿ ਰੁੱਖ ਰੋ ਰਹੇ ਹਨ.. ਡਿੱਗ ਰਹੇ ਹਨ… ਤੜਫ਼ ਰਹੇ ਹਨ..ਧਰਤੀ ਫਟ ਗਈ ਹੈ… ਧਰਤੀ ਦੇ ਅੰਦਰੋਂ ਪੀਲੀ ਰੌਸ਼ਨੀ ਨਿਕਲ ਰਹੀ ਸੀ.. ਅਤੇ ਹੋਰ ਬਹੁਤ ਕੁਝ ਤਾਂ ਮੈਨੂੰ ਸਮਝ ਹੀ ਨਹੀਂ ਆਇਆ.. ਲੋਕ ਵੀ ਧਰਤੀ ਦੇ ਅੰਦਰ ਡਿੱਗ ਰਹੇ ਸਨ.. ਬਰਫ ਦਾ ਇਕ ਵੱਡਾ ਸਾਰਾ ਟੁਕੜਾ ਤੇਜ਼ੀ ਨਾਲ ਪਿਘਲ ਰਿਹਾ ਸੀ… ਅਚਾਨਕ ਮੈਂ ਉਸਦੇ ਠੰਢੇ-ਠਾਰ ਪਾਣੀ 'ਚ ਡੁੱਬਣ ਲੱਗਿਆ.. ਅਤੇ ਫਿਰ ਮੇਰੀ ਅੱਖ ਖੁੱਲ੍ਹ ਗਈ…

**ਸਰਲਾ** : ਅਜਿਹਾ ਸੁਪਨਾ ਕਿਉਂ ਵੇਖਿਆ ਤੂੰ ?

**ਸੁਮਿਤ** : ਮਾਂ…, ਅੱਜ ਕਲਾਸ 'ਚ ਸਰ ਨੇ ਸਾਨੂੰ ਧਰਤੀ ਦੇ ਜਲਵਾਯੂ ਦੇ ਅਲੱਗ-ਅਲੱਗ ਮੰਡਲਾਂ ਬਾਰੇ ਦੱਸਿਆ ਸੀ … ਜਿਵੇਂ ਵਾਯੂਮੰਡਲ, ਜਲਮੰਡਲ, ਥਲਮੰਡਲ, ਹਿਮਮੰਡਲ (Cryosphere) ਅਤੇ ਜੈਵਮੰਡਲ……! ਇਸ ਬਾਬਤ ਸਾਨੂੰ ਇੱਕ ਫ਼ਿਲਮ ਵੀ ਵਿਖਾਈ ਗਈ…!

**ਮਨੀਸ਼ਾ** : ਇਸ ਵਿੱਚ ਕਿਹੜੀ ਵੱਡੀ ਗੱਲ ਐ…? ਇਸ ਦੇ ਬਾਰੇ ਵਿੱਚ ਤਾਂ ਸਾਨੂੰ ਵੀ ਦੱਸਿਆ ਜਾ ਰਿਹਾ ਹੈ…!

**ਸੁਮਿਤ** : ਹਾਂ, ਹਾਂ.. ਤੈਨੂੰ ਤਾਂ ਸਭ ਪਤਾ… ਵਾ ! ਪਰ ਥੋੜ੍ਹਾ-ਥੋੜ੍ਹਾ…! ਤੂੰ ਅਜੇ ਛੋਟੀ ਹੈਂ ਨਾ.. ਮੈਂ ਵੱਡਾ ਵਾਂ.. ਮੈਨੂੰ ਸਰ ਨੇ ਜ਼ਿਆਦਾ ਚੀਜ਼ਾਂ ਦੱਸੀਆਂ ਹਨ.. ਮਾਂ, ਇਸ ਨੂੰ ਸਮਝਾਉ… ਖਾਂ …

**ਸਰਲਾ** : ਮੈਂ ਸਮਝਾਉਂਦੀ ਹਾਂ.. ਤੁਹਾਡੀ ਚਿੰਤਾ ਵੀ ਮੈਨੂੰ ਸਮਝ ਆ ਰਹੀ ਆ.. ਤੁਸੀਂ ਅਜੇ ਬੱਚੇ ਹੋ, ਤੁਹਾਡੇ ਮਨ 'ਚ ਇਹ ਸਵਾਲ ਉੱਠਣੇ ਲਾਜ਼ਮੀ ਹਨ...

**ਮਨੀਸ਼ਾ** : ਹੁਣ ਸ਼ਾਂਤੀ ਬਖਸ਼ੋ... ਮੈਂ ਟੀ.ਵੀ. ਵੇਖਣਾ..

**ਸਰਲਾ** : ਠੀਕ ਹੈ ਮਨੀਸ਼ਾ ! ਵੇਖ ਲੈ ਤੂੰ ਟੀ.ਵੀ.… ਚੱਲ ਸੁਮਿਤ, ਅਸੀਂ ਉੱਥੇ ਚੱਲ ਕੇ ਗੱਲਾਂ ਕਰਦੇ ਹਾਂ…

**ਸੁਮਿਤ** : ਮਾਂ…ਫ਼ਿਲਮ ਵਿਚ ਬਰਫ਼ ਦੀਆਂ ਵੱਡੀਆਂ-ਵੱਡੀਆਂ ਚਟਾਨਾਂ ਪਿਘਲ ਰਹੀਆਂ ਵਿਖਾਈਆਂ ਗਈਆਂ ਸਨ.. ਕਾਰਨ ? ਧਰਤੀ ਦਾ ਵਧਦਾ ਤਾਪਮਾਨ… ! ਬਰਫ਼ ਦੇ ਪਿਘਲਣ ਨਾਲ ਸਮੁੰਦਰ ਵੀ ਚੜ੍ਹ ਗਿਆ ... ਹੜ੍ਹ ਆ ਗਏ .. ਮਿੱਟੀ ਦਾ ਕਟਾਅ ਹੋਇਆ…ਐਨਾ ਕੁਝ ਇਕੱਠੇ ਵੇਖ ਕੇ ਮੇਰਾ ਤਾਂ ਦਿਮਾਗ਼ ਹੀ ਘੁੰਮ ਗਿਆ…! ਐਨੇ ਸਾਰੇ ਸਵਾਲ ਖੜ੍ਹੇ ਹੋ ਗਏ …!

**ਸਰਲਾ** : ਤਾਂ ਕੀ ਹੋਇਆ.. ਅੱਛਾ ਹੁਣੇ ਹੀ ਮੈਂ ਤੁਹਾਡੇ ਪਾਪਾ ਦੇ ਨਾਲ ਟੀ.ਵੀ. 'ਤੇ ਖ਼ਬਰ ਵੇਖੀ ਸੀ ਨਾ.. ਕੇਰਲ ਵਿਚ ਜਿਹੜਾ

ਹੜ੍ਹ ਆਇਆ ਸੀ.. ਕੁਝ ਅਜਿਹੇ ਹੀ ਹਾਲਤ 2005 ਵਿਚ ਮੁੰਬਈ ਵਿਚ... 2010 ਵਿਚ ਲੇਹ, 2013 ਵਿਚ ਉਤਰਾਖੰਡ ਤੇ 2015 ਵਿਚ ਚੇਨੱਈ ਵਿਚ ਵੀ ਪੈਦਾ ਹੋਏ ਸੀ.. ਪੰਜਾਬ ਵਿੱਚ ਵੀ ਕਈ ਵਾਰ ਭਿਆਨਕ ਹੜ੍ਹ ਆ ਚੁੱਕੇ ਨੇ...!

**ਸੁਮਿਤ** : ਪਰ ਅਜਿਹਾ ਹੁੰਦਾ ਹੀ ਕਿਉਂ ਹੈ ਮਾਂ?

**ਸਰਲਾ** : ਮੇਰੇ ਕੋਲ ਇਕ ਅਖ਼ਬਾਰ ਦੀ ਕਾਤਰ ਹੈ.. ਮੈਂ ਤੈਨੂੰ ਉਹ ਕਾਤਰ ਵਿਖਾਉਂਦੀ ਹਾਂ..

**(ਸਰਲਾ ਅਲਮਾਰੀ ਦੇ ਦਰਾਜ਼ 'ਚੋਂ ਅਖ਼ਬਾਰ ਦੀ ਕਟਿੰਗ ਕੱਢਦੀ ਹੈ)**

**(ਦਰਾਜ਼ ਦੀ ਆਵਾਜ਼)**

**ਸਰਲਾ** : ਵੇਖ ! ਕੀ ਲਿਖਿਆ ਹੈ... ਕੇਰਲਾ ਵਿਚ ਤਿੰਨ ਪ੍ਰਮੁੱਖ ਪਰਿਵਰਤਨ ਸਾਫ਼-ਸਾਫ਼ ਵਿਖਾਈ ਦਿੰਦੇ ਹਨ.. ਪਹਿਲਾ - ਬੁਨਿਆਦੀ ਢਾਂਚੇ ਦੇ ਵਿਕਾਸ ਲਈ ... 4 ਲੱਖ ਹੈਕਟੇਅਰ ਕੁਦਰਤੀ ਵਣ ਅਤੇ 2.5 ਲੱਖ ਹੈਕਟੇਅਰ ਨਮ-ਭੂਮੀ ਦਾ ਸਫਾਇਆ ਕਰ ਦਿੱਤਾ ਗਿਆ... ਦੂਜਾ - ਗ਼ੈਰ-ਖੇਤੀ ਸਕੀਮਾਂ ਵਾਸਤੇ ਪਿਛਲੇ 50 ਸਾਲਾਂ ਵਿਚ ਧਰਤੀ ਦੀ ਵਰਤੋਂ ਦੁਗਣੀ ਤੋਂ ਵੀ ਵੱਧ ਹੋ ਗਈ... ਤੀਜਾ - ਰਵਾਇਤੀ ਫ਼ਸਲਾਂ ਦੀ ਥਾਂ ਰਬੜ ਅਤੇ ਹੋਰ ਵਪਾਰਕ ਫ਼ਸਲਾਂ ਦੇ ਬਾਗ ਲਗਾ ਦਿੱਤੇ... ਇਨ੍ਹਾਂ ਵੱਡੇ ਬਦਲਾਵਾਂ ਨੇ ਮੀਂਹ ਦੇ ਪਾਣੀ ਦੇ ਪ੍ਰਬੰਧਨ ਅਤੇ ਵਹਾਅ ਵਿਚ ਸਮੱਸਿਆ ਪੈਦਾ ਕਰ ਦਿੱਤੀ, ਭੂਮੀ ਦੀ ਜਲ ਸੋਖਣ ਸ਼ਕਤੀ ਨੂੰ ਘੱਟਾ ਦਿੱਤਾ.. ਹੜ੍ਹਾਂ ਦੇ ਹਾਲਾਤ ਪੈਦਾ ਕੀਤੇ ਨੇ ਇਨ੍ਹਾਂ ਸਾਰੇ ਕਾਰਕਾਂ ਨੇ...!

**ਸੁਮਿਤ** : ਪਰ ਅਜਿਹਾ ਕੀਤਾ ਹੀ ਕਿਉਂ ਗਿਆ ?

**ਸਰਲਾ** :ਇਹ ਸਮਝਣਾ ਥੋੜ੍ਹਾ ਮੁਸ਼ਕਿਲ ਹੈ... ਅਤੇ ਥੋੜ੍ਹਾ ਜਿਹਾ ਤਕਨੀਕੀ ਵੀ.. ਮੈਂ ਤੇਰੀ ਮੱਦਦ ਕਰਾਂਗੀ.. ਪਰ ਪਹਿਲਾਂ ਖਾਣਾ ਖਾ ਲੈ ਅਤੇ ਸਕੂਲ ਦਾ ਕੰਮ ਮੁਕਾ ਲੈ... ਜਲਵਾਯੂ ਪਰਿਵਰਤਨ 'ਤੇ ਜੋ ਪੜ੍ਹਾਇਆ ਗਿਆ ਹੈ ਉਸ ਨੂੰ ਦੁਬਾਰਾ ਪੜ੍ਹ... ਸਵਾਲਾਂ ਦੀ ਸੂਚੀ ਤਿਆਰ ਕਰ...! ਫਿਰ ਜਵਾਬ ਲੱਭਣ ਵਿਚ ਜੇ ਲੋੜ ਹੋਈ ਤਾਂ ਮੈਂ ਤੇਰੀ ਮੱਦਦ ਕਰਾਂਗੀ...!

**ਸੁਮਿਤ** : ਠੀਕ ਹੈ ਮਾਂ..

**ਸਰਲਾ** : ਕੱਲ੍ਹ ਐਤਵਾਰ ਹੈ ਅਤੇ ਇਸ ਵਾਰ ਐਤਵਾਰ ਤੇਰੇ ਵਾਸਤੇ ਬਹੁਤ ਸਾਰੀਆਂ ਨਵੀਆਂ-ਨਵੀਆਂ ਜਾਣਕਾਰੀਆਂ ਲੈ ਕੇ ਆਏਗਾ..

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਤੀਜਾ**......

**( ਚਿੜੀਆਂ ਦੇ ਚਹਿਕਣ ਦੀ ਆਵਾਜ਼ ਅਗਲੀ ਸਵੇਰ ਆਗਾਜ਼)**

**ਸਰਲਾ** : ਨਾਸ਼ਤਾ ਤਿਆਰ ਹੈ... ਪਰ ਬੱਚੇ ਤਾਂ ਅਜੇ ਵੀ ਸੌਂ ਰਹੇ ਹਨ.. ਕੱਲ੍ਹ ਬਹੁਤ ਪ੍ਰੇਸ਼ਾਨ ਸਨ... ਚਲੋ ਮੈਂ ਸੁਰਿੰਦਰ ਸਰ ਨੂੰ ਫੋਨ ਕਰ ਲੈਂਦੀ ਹਾਂ..

**(ਫੋਨ ਦੀ ਘੰਟੀ ਵੱਜਦੀ ਹੈ)**

**ਸੁਰਿੰਦਰ ਸਰ**: ਹੈਲੋ!

**ਸਰਲਾ (ਫੋਨ'ਤੇ)**: ਹੈਲੋ, ਸੁਰਿੰਦਰ ਸਰ ਬੋਲ ਰਹੇ ਹਨ...?

**ਸੁਰਿੰਦਰ ਸਰ:** ਜੀ, ਬੋਲ ਰਿਹਾ ਹਾਂ..

**ਸਰਲਾ** : ਮੈਂ ਤੁਹਾਡੇ ਵਿਦਿਆਰਥੀ ਸੁਮਿਤ ਦੀ ਮਾਂ ਬੋਲ ਰਹੀ ਹਾਂ..

**ਸੁਰਿੰਦਰ ਸਰ:** ਨਮਸਕਾਰ.. ਕਿਵੇਂ ਹੋ ਤੁਸੀਂ?

**ਸਰਲਾ** : ਜੀ ਮੈਂ ਠੀਕ ਹਾਂ.. ਮੈਂ ਤੁਹਾਨੂੰ ਆਪਣੇ ਘਰ ਨਾਸ਼ਤੇ ਦੇ ਲਈ ਬੁਲਾਉਣਾ ਚਾਹੁੰਦੀ ਹਾਂ..

**ਸੁਰਿੰਦਰ ਸਰ**: ਇਸ ਤਰ੍ਹਾਂ ਅਚਾਨਕ.. ਕੁਝ ਖ਼ਾਸ ?

**ਸਰਲਾ** :ਖਾਸ ? ਆਉਣ ਤੇ ਸਭ ਕੁਝ ਪਤਾ ਚੱਲ ਜਾਏਗਾ !

**ਸੁਰਿੰਦਰ ਸਰ:** ਠੀਕ ਹੈ, ਮੈਂ ਆਉਂਦਾ ਹਾਂ.. ਵੈਸੇ ਵੀ ਮੈਂ ਨੇੜੇ ਹੀ ਰਹਿੰਦਾ ਹਾਂ ਤਾਂ ਜਲਦੀ ਹੀ ਆ ਜਾਵਾਂਗਾ.. ਲਗਦਾ ਹੈ ਕਿ ਤੁਹਾਡੇ ਨਾਸ਼ਤੇ ਦੀ ਖੁਸ਼ਬੂ ਤਾਂ ਮੇਰੇ ਘਰ ਤੱਕ ਆ ਰਹੀ ਹਾਂ... **(ਹੱਸਦੇ ਹੋਏ)** ਅੱਧੇ ਘੰਟੇ 'ਚ ਪਹੁੰਚਦਾ ਹਾਂ..

**ਸਰਲਾ** : ਠੀਕ ਹੈ ਜੀ , ਬੇਨਤੀ ਪ੍ਰਵਾਨ ਕਰਨ ਵਾਸਤੇ ਧੰਨਵਾਦ...!

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਚੋਥਾ**......

**( ਦਰਵਾਜ਼ਾ ਖੜਕਾਉਣ ਦੀ ਆਵਾਜ਼)**

**ਸਰਲਾ** : ਬੱਚਿਓ! ਜਲਦੀ ਉੱਠ ਜਾਉ.. ਕੋਈ ਤੁਹਾਨੂੰ ਮਿਲਣ ਆਉਣ ਵਾਲਾ ਹੈ..

**ਸੁਮਿਤ-ਮਨੀਸ਼ਾ:** ਅਸੀਂ ਉੱਠ ਗਏ ਹਾਂ ਮਾਂ.. ਹੁਣੇ ਤਿਆਰ ਹੋ ਕੇ ਆਉਂਦੇ ਹਾਂ..

**(ਦਰਵਾਜ਼ਾ ਖੁੱਲ੍ਹਦਾ ਹੈ)**

**ਸਰਲਾ** : ਨਾਸ਼ਤੇ ਦੇ ਲਈ ਤਿਆਰ ਹੋ ਜਾਉ...!

**ਮਨੀਸ਼ਾ** : ਮਾਂ, ਨਾਸ਼ਤੇ ਵਿਚ ਕੀ-ਕੀ ਹੈ?

**ਸਰਲਾ** : ਤਿਆਰ ਹੋ ਜਾਉ.. ਆਪੇ ਹੀ ਵੇਖ ਲਈਓ...!

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਪੰਜਵਾਂ**......

**( ਸਾਰੇ ਖਾਣ ਦੀ ਮੇਜ਼ 'ਤੇ ਆਉਂਦੇ ਹਨ.. ਸੁਰਿੰਦਰ ਸਰ ਵੀ ਪਹੁੰਚਦੇ ਹਨ )**

**ਸੁਰਿੰਦਰ ਸਰ:** ਗੁਡ ਮਾਰਨਿੰਗ...

**ਸੁਮਿਤ** : ਗੁਡ ਮਾਰਨਿੰਗ ਸਰ, ਤੁਸੀਂ ਸਾਡੇ ਘਰ...! ਐਵੇਂ ਅਚਾਨਕ...!! ਬਹੁਤ ਚੰਗਾ ਲੱਗਿਆ..

**ਸੁਰਿੰਦਰ ਸਰ**: ਤੁਹਾਡੀ ਮੰਮੀ ਨੇ ਹੀ ਤਾਂ ਮੈਨੂੰ ਬੁਲਾਇਆ..

**ਮਨੀਸ਼ਾ** : ਗੁਡ ਮਾਰਨਿੰਗ ਸਰ.. ਮਾਂ ਨੇ ਬੁਲਾਇਆ ਤੁਹਾਨੂੰ ?

**ਸਰਲਾ** : ਹਾਂ, ਮੈਂ ਬੁਲਾਇਆ.. ਆਉ ਸਰ.. ਬੈਠੋ.. ਨਾਸ਼ਤਾ ਤਿਆਰ ਹੈ.. ਚਲੋ ਸ਼ੁਰੂ ਕਰਦੇ ਹਾਂ..

**ਸੁਰਿੰਦਰ ਸਰ:** ਨਾਲ ਇਹ ਵੀ ਦੱਸੋ ਕਿ ਤੁਸੀਂ ਮੈਨੂੰ ਇਸ ਤਰ੍ਹਾਂ ਅਚਾਨਕ ਕਿਉਂ ਬੁਲਾਇਆ?

**ਸਰਲਾ** : ਦਰਅਸਲ ਸੁਮਿਤ ਕੱਲ੍ਹ ਤੋਂ ਕਾਫ਼ੀ ਪ੍ਰੇਸ਼ਾਨ ਹੈ.. ਜਦੋਂ ਤੋਂ ਉਹ ਸਕੂਲ ਵਿਚ ਫ਼ਿਲਮ ਵੇਖ ਕੇ ਆਇਆ ਹੈ.. ਉਦੋਂ ਤੋਂ ਉਸ ਦੇ ਬਾਰੇ ਵਿੱਚ ਹੀ ਬੋਲੀ ਜਾ ਰਿਹਾ ਹੈ..

**ਮਨੀਸ਼ਾ** : ਹਾਂ ਸਰ, ਕੱਲ੍ਹ ਬੱਸ ਵਿਚ ਵੀਰੇ ਨੇ ਇਕ ਸੁਪਨਾ ਵੀ ਵੇਖਿਆ..

**ਸੁਰਿੰਦਰ ਸਰ:** ਸੁਪਨਾ ...! ਕਿਹੋ ਜਿਹਾ ਸੁਪਨਾ?

**ਸੁਮਿਤ:** ਸਰ, ਮੈਂ ਵੇਖਿਆ ਕਿ ਰੁੱਖ ਅਤੇ ਮਨੁੱਖ.. ਸਾਰੇ ਧਰਤੀ ਦੇ ਅੰਦਰ ਡਿੱਗ ਰਹੇ ਹਨ.. ਬਰਫ਼ ਦੀਆਂ ਚਟਾਨਾਂ ਪਿਘਲ ਰਹੀਆਂ ਹਨ.. ਅਤੇ ਮੈਂ ਉਸ ਠੰਡੇ-ਠਾਰ ਪਾਣੀ ਵਿਚ ਡੁੱਬ ਰਿਹਾ ਸੀ.. ਮੈਂ ਬਹੁਤ ਡਰ ਗਿਆ ਸੀ.. ਕੀ ਸਚਮੁੱਚ ਅਜਿਹਾ ਹੋਵੇਗਾ , ਸਰ ?

**ਸੁਰਿੰਦਰ ਸਰ:** ਬੱਚਿਆਂ ਦਾ ਦਿਮਾਗ਼ ਵੀ ਬੱਸ.... ਠੀਕ ਹੈ ਕਿ ਹਾਲਾਤ ਖਰਾਬ ਹਨ.. ਪਰ ਚਿੰਤਾ ਕਰਨ ਨਾਲ ਜਾਂ ਡਰਨ ਨਾਲ ਤਾਂ ਕੁਝ ਨਹੀਂ ਹੋਵੇਗਾ ਨਾ... ਤੁਹਾਨੂੰ ਪਹਿਲਾਂ ਚੀਜ਼ਾਂ ਨੂੰ ਸਮਝਣਾ ਹੋਵੇਗਾ.. ਸਮੱਸਿਆ ਦੀ ਜੜ੍ਹ ਤੱਕ ਪਹੁੰਚਣਾ ਹੋਵੇਗਾ..

**ਸਰਲਾ** : ਨਾਸ਼ਤਾ ਹੋ ਗਿਆ.. ਤਾਂ ਹੁਣ ਚਲੋ ਬੱਚਿਆਂ ਦੇ ਕਮਰੇ 'ਚ ਚੱਲਦੇ ਹਾਂ...

**ਮਨੀਸ਼ਾ** : ਮੈਂ ਲੈ ਕੇ ਜਾਵਾਂਗੀ.. ਸਰ ਨੂੰ ਕਮਰੇ 'ਚ ! ਆਉ ਸਰ..ਇਸ ਪਾਸੇ..

**ਸੁਰਿੰਦਰ ਸਰ:** ਅੱਛਾ.. ਚੱਲੋ ਵੇਖਦੇ ਹਾਂ.. ਤੁਹਾਡਾ ਕਮਰਾ ...!

**(ਸਾਰੇ ਕਮਰੇ 'ਚ ਪਹੁੰਚਦੇ ਹਨ)**

**ਮਨੀਸ਼ਾ** : ਓ ਵਾਹ! ਮਾਂ.. ਇਹ ਵੱਡਾ ਸਾਰਾ ਨਕਸ਼ਾ ?

**ਸਰਲਾ:** ਇਸਦੇ ਬਾਰੇ ਸਰ ਤੁਹਾਨੂੰ ਦੱਸਣਗੇ ! ਇਸਦੀ ਮੱਦਦ ਨਾਲ ਤੁਹਾਨੂੰ ਬਹੁਤ ਸਾਰੀਆਂ ਜਾਣਕਾਰੀਆਂ ਦੇਣਗੇ.. ਸ਼ਾਂਤੀ ਨਾਲ ਸੁਣੋ..

**ਸੁਮਿਤ** : ਪਰ ਮਾਂ, ਮੈਂ ਤਾਂ ਕਿੰਨੀਆਂ ਸਾਰੀਆਂ ਚੀਜ਼ਾਂ ਪੁੱਛਣੀਆਂ ਨੇ ਸਰ ਕੋਲੋਂ.. ਮੈਂ ਤਾਂ ਲੰਮੀ ਸੂਚੀ ਬਣਾਈ ਹੈ..

**ਮਨੀਸ਼ਾ** : ਪਰ ਪਹਿਲਾਂ ਸਰ ਦੀ ਗੱਲ ਸੁਣ ਲਈਏ ....!

**ਸੁਰਿੰਦਰ ਸਰ:** ਬਹੁਤ ਵਧੀਆ ਮਨੀਸ਼ਾ.. ਚੱਲੋ ਇਹ ਦੱਸੋ ਕਿ ਇਸ ਨਕਸ਼ੇ ਨੂੰ ਵੇਖ ਕੇ ਤੁਹਾਨੂੰ ਕੀ ਸਮਝ ਆ ਰਿਹਾ..

**ਸੁਮਿਤ-ਮਨੀਸ਼ਾ (ਇਕੱਠੇ):** ਇਹ ਤਾਂ ਸਾਡੀ ਧਰਤੀ ਹੈ...

**ਸੁਰਿੰਦਰ ਸਰ:** ਆਹ ਪੂਰੇ ਦਾ ਪੂਰਾ ਨੀਲਾ ਹੈ ਜੋ ਪਾਣੀ ਨੂੰ ਦਰਸਾਉਂਦਾ ਹੈ ... ਜਾਣਦੇ ਹੋ ? ਧਰਤੀ ਦਾ 70% ਤੋਂ ਜ਼ਿਆਦਾ ਹਿੱਸਾ ਪਾਣੀ ਹੈ.. ਧਰਤੀ ਦੇ, ਪਾਣੀ ਨਾਲ ਢੱਕੇ ਹਿੱਸੇ ਨੂੰ ਕਹਿੰਦੇ ਆ ਜਲਮੰਡਲ...! ਜਲ ਮੰਡਲ ਯਾਣੀ ਧਰਤ ਗ੍ਰਹਿ ਉੱਪਰ ਮਹਾਂਸਾਗਰਾਂ, ਨਦੀਆਂ, ਝਰਨਿਆਂ, ਭੂ-ਜਲ ਜਾਂ ਪਾਣੀ ਦੇ ਵਾਸ਼ਪਾਂ ਦੇ ਰੂਪ ਵਿਚ ਮੌਜੂਦ, ਸਾਰੇ ਦਾ ਸਾਰਾ ਪਾਣੀ!

**ਸੁਮਿਤ** : ਧਰਤੀ ਦੇ ਤਾਂ ਪੰਜ ਮੰਡਲ ਹਨ ... ਪਾਣੀ ਮਤਲਬ ਜਲ-ਮੰਡਲ, ਭੂਮੀ ਮਤਲਬ ਥਲ-ਮੰਡਲ ਅਤੇ ਜਿਉਂਦੇ ਪ੍ਰਾਣੀਆਂ ਤੇ ਪੌਦਿਆਂ ਨਾਲ ਮਿਲ ਕੇ ਬਣਿਆ ਜੈਵ ਮੰਡਲ ਅਤੇ ਵਾਯੂ ਮਤਲਬ ਵਾਯੂਮੰਡਲ.. ਇਹ ਤਾਂ ਮੈਨੂੰ ਪਤਾ ਹੈ ਸਰ.. ਅਤੇ ਇਕ ਹੋਰ ਵੀ ਕੋਈ ਹੁੰਦਾ ਹੈ..

**ਸੁਰਿੰਦਰ ਸਰ:** ਹਾਂ, ਇਕ ਹੋਰ ਵੀ ਹੁੰਦਾ ਹੈ.. ਬਰਫ਼ ਦਾ ਬਣਿਆ Cryosphere ਯਾਣੀ ਹਿਮਮੰਡਲ, ਜਲਮੰਡਲ ਵਾਂਗ ਹਿੰਮਮੰਡਲ ਵੀ ਬਣਦਾ ਤਾਂ ਪਾਣੀ ਨਾਲ ਹੀ ਹੈ...ਫ਼ਰਕ ਸਿਰਫ਼ ਐਨਾ ਹੈ ਕਿ ਇੱਥੇ ਪਾਣੀ ਬਰਫ਼ ਦੇ ਰੂਪ ਵਿਚ ਹੁੰਦਾ ਹੈ... ਧਰਤੀ ਦੇ ਬਹੁਤ ਸਾਰੇ ਹਿੱਸੇ ਵਿਚ ਬਰਫ਼ ਜੰਮੀ ਹੈ.. ਮੁੱਖ ਤੌਰ ‘ਤੇ ਉੱਤਰੀ ਧਰੁਵ ਅਤੇ ਦੱਖਣੀ ਧਰੁਵ ਦੇ ਨੇੜੇ-ਤੇੜੇ ਦੇ ਇਲਾਕਿਆਂ ਵਿਚ ਯਾਣੀ ਆਰਕਟਿਕ ਅਤੇ ਅੰਟਾਰਕਟਿਕਾ ‘ਚ... !

**ਸੁਮਿਤ** : ਕੀ ਇਹ ਉਹੀ ਬਰਫ਼ ਹੈ ਜਿਹੜੀ ਅਸੀਂ ਪਿਘਲਦੇ ਹੋਏ ਵੇਖੀ ਸੀ..? ਸਰ ਕੀ ਇਹ ਸਾਰੀ ਬਰਫ਼ ਪਿਘਲ ਜਾਵੇ ਤਾਂ ਅਸੀਂ ਡੁੱਬ ਸਕਦੇ ਹਾਂ?

**ਸੁਰਿੰਦਰ ਸਰ:** ਹਾਂ ਬਿਲਕੁਲ ! ਧਰਤੀ ‘ਤੇ ਬਰਫ਼ ਦੇ ਰੂਪ ‘ਚ ਐਨਾ ਪਾਣੀ ਹੈ ਕਿ ਜੇਕਰ ਸਾਰੀ ਬਰਫ਼ ਪਿਘਲ ਜਾਵੇ ਤਾਂ ਧਰਤੀ ਡੁੱਬ ਸਕਦੀ ਹੈ... ਪਰ ਇਹ ਹਿਮਮੰਡਲ ਇਕ ਚਮਕਦਾਰ ਕੰਬਲ ਵਾਂਗ ਹੈ, ਜਿਹੜਾ ਧਰਤੀ ਨੂੰ ਜਿਆਦਾ ਗਰਮ ਹੋਣ ਤੋਂ ਬਚਾਉਂਦਾ ਹੈ.. ਦਰਅਸਲ ਪਾਣੀ ਜਾਂ ਜ਼ਮੀਨ ਦੀ ਤੁਲਨਾ ਵਿਚ ਬਰਫ਼ ਸੂਰਜ ਦੀ ਰੌਸ਼ਨੀ ਨੂੰ ਜ਼ਿਆਦਾ ਮਾਤਰਾ ਵਿੱਚ ਵਾਪਸ ਭੇਜਦੀ ਹੈ.. ਬਰਫ਼ ਦੀ ਮੌਜੂਦਗੀ ਜਾਂ ਨਾਮੌਜੂਦਗੀ ਧਰਤੀ ਦੀ ਸਤਾਹ ਦੇ ਗਰਮ ਜਾਂ ਠੰਡੇ ਹੋਣ ਨੂੰ ਪ੍ਰਭਾਵਿਤ ਕਰਦੀ ਹੈ, ਜਿਸ ਨਾਲ ਪੂਰੇ ਗ੍ਰਹਿ ਦੇ ਊਰਜਾ ਸੰਤੁਲਣ ‘ਤੇ ਅਸਰ ਪੈਂਦਾ ਹੈ...!

**ਮਨੀਸ਼ਾ** : ਅੱਛਾ ! ਅਜਿਹਾ ਵੀ ਹੁੰਦਾ ਹੈ ਸਰ...! ਧਰਤੀ ਦੇ ਬਾਰੇ ਤਾਂ ਕਿੰਨਾਂ ਕੁਝ ਅਜਿਹਾ ਹੈ ਜਿਹੜਾ ਅਸੀਂ ਜਾਣਦੇ ਹੀ ਨਹੀਂ!

**ਸੁਰਿੰਦਰ ਸਰ:** ਹਾਂ ! ਤੁਹਾਨੂੰ ਵੇਖ ਕੇ ਮੈਂ ਸਮਝ ਸਕਦਾ ਹਾਂ ਕਿ ਤੁਹਾਡੇ ਵਿਚ ਸਭ ਕੁਝ ਜਾਣਨ ਦੀ ਉਤਸੁਕਤਾ ਹੈ.. ਚਲੋ ਹੁਣ ਅਸੀਂ ਬਾਹਰ ਚੱਲਦੇ ਹਾਂ.. ਅਸੀਂ ਕੁਦਰਤ ਦੀ ਗੱਲ ਉਸਦੇ ਕੋਲ ਜਾ ਕੇ ਹੀ ਕਰਦੇ ਹਾਂ..

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਛੇਵਾਂ**......

**( ਸਾਰੇ ਪਾਰਕ ਵਿਚ ਜਾਂਦੇ ਹਨ, ਚਿੜੀਆਂ ਦੇ ਚਹਿਕਣ ਦੀ ਆਵਾਜ਼.. ਕੁਝ ਲੋਕਾਂ ਦੇ ਗੱਲ ਕਰਨ ਦੀ ਆਵਾਜ਼)**

**ਸੁਰਿੰਦਰ ਸਰ:** ਬੱਚਿਓ ! ਇੱਥੋਂ ਥੋੜ੍ਹੀ ਮਿੱਟੀ ਆਪਣੇ ਹੱਥਾਂ ਵਿਚ ਲੈ ਲਉ ਅਤੇ ਉਸ ਨੂੰ ਮਹਿਸੂਸ ਕਰਨ ਦੀ ਕੋਸ਼ਿਸ਼ ਕਰੋ..

**ਸੁਮਿਤ** : ਸਰ, ਇਹ ਤਾਂ ਥਲ ਮੰਡਲ ਦਾ ਹਿੱਸਾ ਹੋਇਆ ਨਾ..ਮਿੱਟੀ ਦੇ ਨਾਲ ਤਾਂ ਕੁਝ ਪੱਥਰ ਦੇ ਟੁਕੜੇ, ਪੌਦਿਆਂ ਦੇ ਅਵਸ਼ੇਸ਼ ਅਤੇ ਕੁਝ ਹੋਰ ਵੀ ਹੈ...

**ਮਨੀਸ਼ਾ** : ਮੇਰੇ ਹੱਥ ਵਿਚ ਵੀ ਪੱਥਰ, ਸੁੱਕੇ ਪੱਤੇ ਅਤੇ ਮਿੱਟੀ ਆਈ ਹੈ..

**ਸੁਰਿੰਦਰ ਸਰ:** ਠੀਕ..! ਬੱਸ ਸਮਝ ਲਓ ਕਿ ਥਲ-ਮੰਡਲ ਧਰਤੀ ਉੱਪਰਲੇ ਸਾਰੇ ਕਠੋਰ ਅਤੇ ਠੋਸ ਮਾਦੇ ਦਾ ਬਣਿਆ ਹੋਇਆ ਹੈ.. ਸਤਾਹ ਦੇ ਹੇਠਾਂ ਅਰਧ-ਠੋਸ ਚਟਾਨਾਂ ਅਤੇ ਕੇਂਦਰ ਵਿਚ ਤਰਲ ਚਟਾਨਾਂ ਹਨ..। ਇਸ ਉਬੜ-ਖਾਬੜ ਸਤਾਹ ਉਪਰ ਪਹਾੜ, ਡੂੰਘੀਆਂ ਘਾਟੀਆਂ, ਵਿਸ਼ਾਲ ਮੈਦਾਨ, ਪਠਾਰੀ ਭੂਮੀ ਆਦਿ ਹਨ.. ਜੀਵਨ ਬਣੇ ਰਹਿਣ ਦੇ ਲਈ ਇਸ ਵਿਚ ਸਾਰੇ ਜ਼ਰੂਰੀ ਖਣਿਜ ਵੀ ਹਨ.. ਥਲ ਮੰਡਲ ਦੀ ਅਸਲ ਮੋਟਾਈ ਲਗਭਗ 40 ਕਿ.ਮੀ. ਤੋਂ 280 ਕਿ.ਮੀ. ਤੱਕ ਹੋ ਸਕਦੀ ਹੈ..

**ਸੁਮਿਤ** : ਪਰ ਸਰ, ਥਲ ਮੰਡਲ ਅਤੇ ਜਲ ਮੰਡਲ ਵਿੱਚੋਂ ਕਿਹੜਾ ਜ਼ਿਆਦਾ ਜ਼ਰੂਰੀ ਹੈ..

**ਸੁਰਿੰਦਰ ਸਰ (ਹੱਸਦੇ ਹੋਏ)**: ਤੁਸੀਂ ਦੱਸੋ.. ਕਿਹੜਾ ਜ਼ਿਆਦਾ ਜ਼ਰੂਰੀ ਹੈ- ਜਿਹੜਾ ਪਾਣੀ ਤੁਸੀਂ ਪੀਂਦੇ ਹੋ ਜਾਂ ਫਿਰ ਜਿਸ ਧਰਤੀ 'ਤੇ ਤੁਸੀਂ ਖੜ੍ਹੇ ਹੋ?

**ਸੁਮਿਤ** : **(ਕੁਝ ਸੰਕਿਟ ਸੋਚ ਕੇ)** ਦੋਵੇਂ ਹੀ ਜ਼ਰੂਰੀ ਹਨ..

**ਸੁਰਿੰਦਰ ਸਰ:** ਅਜੇ ਇਕ ਹੋਰ ਜ਼ਰੂਰੀ ਤਹਿ ਵੀ ਹੈ ਜਿਸ ਨੂੰ ਅਸੀਂ ਵੇਖ ਨਹੀਂ ਸਕਦੇ ਪਰ ਉਸ ਦੇ ਬਿਨਾਂ ਮਿੰਟ-ਦੋ ਮਿੰਟ ਤੋਂ ਜ਼ਿਆਦਾ ਜ਼ਿੰਦਾ ਰਹਿਣਾ ਅਸੰਭਵ ਹੈ..

**ਮਨੀਸ਼ਾ** : **(ਵਿਚ ਹੀ ਬੋਲਦੇ ਹੋਏ)** ਸਰ ਹਵਾ.. ਅਸੀਂ ਹਵਾ ਨੂੰ ਵੇਖ ਨਹੀਂ ਸਕਦੇ ਪਰ ਉਸ ਬਿਨਾ ਜਿਉਂਦੇ ਨਹੀਂ ਰਹਿ ਸਕਦੇ!

**ਸੁਰਿੰਦਰ ਸਰ:** ਬਿਲਕੁਲ ਠੀਕ ! ਆਓ ਵੇਹਨੇ ਆਂ ਕਿ ਹਵਾ ਕਿੰਨੀ ਕੁ ਹੈ ਜਰੂਰੀ ਜੀਵਣ ਦੇ ਲਈ ! ਤੁਸੀਂ ਦੋਵੇਂ ਸਾਹ ਰੋਕੋ ? ਵੇਖਦੇ ਹਾਂ ਕਿੰਨੀ ਦੇਰ ਬਿਨਾਂ ਹਵਾ ਦੇ.. ਰਹਿ ਸਕਦੇ ਹੋ…!

**(ਸੁਮਿਤ-ਮਨੀਸ਼ਾ ਸਾਹ ਰੋਕਣ ਦੀ ਕੋਸ਼ਿਸ਼ ਕਰਦੇ ਹਨ)**

**(ਕੁਝ ਹੀ ਸੰਕਿਟ ਬਾਅਦ)**

**ਸੁਮਿਤ** : ਬੱਸ ਜੀ ਹੁਣ ਹੋਰ ਨਹੀਂ ਰੁਕਦਾ !

**ਮਨੀਸ਼ਾ** : ਮੈਂ ਵੀ… ਨਹੀਂ ਸਕਦੀ ਰੋਕ ਹੋਰ ਜਿਆਦਾ !

**ਸੁਰਿੰਦਰ ਸਰ:** ਹੁਣ ਡੂੰਘਾ ਸਾਹ ਲਉ..

**(ਸੁਮਿਤ-ਮਨੀਸ਼ਾ ਡੂੰਘੇ ਸਾਹ ਲੈਂਦੇ ਹੋਏ)**

**ਸੁਮਿਤ-ਮਨੀਸ਼ਾ:** ਹੁਣ ਚੰਗਾ ਲੱਗ ਰਿਹਾ ਹੈ..

**ਸੁਰਿੰਦਰ ਸਰ:** ਕੱਲ੍ਹ ਕਲਾਸ ਵਿਚ ਮੈਂ ਤੁਹਾਨੂੰ ਵਾਯੂਮੰਡਲ ਦੇ ਬਾਰੇ ਦੱਸਿਆ ਸੀ.. ਯਾਦ ਹੈ ਕੁਝ?

**ਸੁਮਿਤ** : ਹਾਂ ਸਰ.. ਬਿਲਕੁਲ ਯਾਦ ਹੈ.. ਵਾਯੂਮੰਡਲ ਵਿਚ ਨਾਈਟ੍ਰੋਜਨ, ਆਕਸੀਜਨ ਅਤੇ ਹੋਰ ਬਹੁਤ ਸਾਰੀਆਂ ਗੈਸਾਂ ਹੁੰਦੀਆਂ ਹਨ.. ਇਸ ਵਿਚ ਨਾਈਟ੍ਰੋਜਨ 78%, ਆਕਸੀਜਨ 21% ਅਤੇ ਬਾਕੀ ਗੈਸਾਂ ਸਿਰਫ਼ 1% ਹੁੰਦੀਆਂ ਹਨ.. ਜਿਵੇਂ ਕਾਰਬਨ ਡਾਈਆਕਸਾਈਡ 0.039%

**ਸੁਰਿੰਦਰ ਸਰ:** ਸ਼ਾਬਾਸ਼ ! ਆਰਗਨ, ਕ੍ਰਿਪਟਾਨ, ਨਿਓਨ, ਹੀਲੀਅਮ ਅਤੇ ਜ਼ੀਨਾਨ ਤਾਂ ਬਹੁਤ ਹੀ ਥੋੜੀ ਮਾਤਰਾ ਵਿੱਚ ਨੇ…!

**ਮਨੀਸ਼ਾ** : ਸਾਹ ਲੈਂਦੇ ਸਮੇਂ ਅਸੀਂ ਅਕਸੀਜਨ ਅੰਦਰ ਲੈਂਦੇ ਹਾਂ ਅਤੇ ਕਾਰਬਨ ਡਾਈਅਕਸਾਈ ਬਾਹਰ ਛੱਡਦੇ ਹਾਂ !

**ਸੁਮਿਤ** : ਚੰਗਾ.. ਜਿਵੇਂ ਸਾਨੂੰ ਤਾਂ ਪਤਾ ਹੀ ਨਹੀਂ ਸੀ..

**ਸੁਰਿੰਦਰ ਸਰ:** ਕੋਈ ਗੱਲ ਨਹੀਂ.. ਵਧੀਆ ਮਨੀਸ਼ਾ.. ਤਾਂ ਹੁਣ ਤੱਕ ਅਸੀਂ ਜਲ ਮੰਡਲ, ਹਿਮਮੰਡਲ, ਥਲ ਮੰਡਲ ਅਤੇ ਵਾਯੂ ਮੰਡਲ ਦੇ ਬਾਰੇ ਜਾਣਿਆ.. ਅਗਲੀ ਵਾਰੀ ਜੈਵ ਮੰਡਲ ਦੀ..

**ਮਨੀਸ਼ਾ** : ਮੈਨੂੰ ਪਤਾ ਹੈ ਸਰ.. ਸਾਡੇ ਗ੍ਰਹਿ ਉੱਪਰ ਮੌਜੂਦ ਸਾਰੀਆਂ ਜਿਊਂਦੀਆਂ ਚੀਜਾਂ ਨੂੰ ਜੈਵ ਮੰਡਲ ਮਤਲਬ ਬਾਇਓਸਫੀਅਰ ਦੇ ਕਹਿੰਦੇ ਹਨ ! ਇਸ ਵਿਚ ਮਨੁੱਖ, ਜਾਨਵਰ, ਕੀੜੇ ਮਕੌੜੇ, ਪੇੜ-ਪੌਦੇ ਅਤੇ ਧਰਤੀ ਦੇ ਸੂਖਮਜੀਵ ਸ਼ਾਮਲ ਹਨ..

**ਸੁਰਿੰਦਰ ਸਰ:** ਬਹੁਤ ਵਧੀਆ ਮਨੀਸ਼ਾ.. ਦਰਅਸਲ ਜੈਵ ਮੰਡਲ ਧਰਤੀ ਦਾ ਉਹ ਭਾਗ ਹੈ ਜਿੱਥੇ ਸਭ ਪ੍ਰਕਾਰ ਦਾ ਜੀਵਨ ਪਾਇਆ ਜਾਂਦਾ ਹੈ... ਧਰਤੀ ਦੇ ਤਿੰਨ ਮੰਡਲ- ਥਲ ਮੰਡਲ, ਵਾਯੂ ਮੰਡਲ ਅਤੇ ਜਲ ਮੰਡਲ.. ਜਿੱਥੇ ਤਿੰਨੇ ਆਪਸ ਵਿਚ ਮਿਲਦੇ ਹਨ, ਉੱਥੇ ਹੀ ਜੈਵ ਮੰਡਲ ਸਥਿਤ ਹੈ.. ਜੈਵ ਮੰਡਲ ਦੀ ਤਹਿ ਪਤਲੀ ਪਰ ਵਧੇਰੇ ਗੁੰਝਲਦਾਰ ਹੈ.. ਜੀਵਨ ਕੇਵਲ ਇਸੇ ਤਹਿ ਵਿਚ ਸੰਭਵ ਹੈ.. ਜਿਸ ਕਰਕੇ ਇਹ ਬਹੁਤ ਹੀ ਅਹਿਮ ਹੈ...

**ਸੁਮਿਤ** : ਸਰ ! ਪਰ ਇਹ ਸਾਰੇ ਕਾਰਕ ਧਰਤੀ ਦੇ ਜਲਵਾਯੂ-ਪਰਿਵਰਤਨ ਦੇ ਲਈ ਜ਼ਿੰਮੇਵਾਰ...ਕਿਵੇਂ ਹੋਏ ?

**ਮਨੀਸ਼ਾ** : ਇੱਥੇ ਤਾਂ ਬਹੁਤ ਧੁੱਪ ਆ ਗਈ ਹੈ.. ਚਲੋ ਅੰਦਰ ਚਲਦੇ ਹਾਂ !

**(ਸਾਰੇ ਘਰ ਦੇ ਵੱਲ ਚੱਲਦੇ ਹਨ, ਪੈਰਾਂ ਦੀ ਆਵਾਜ਼)**

**ਸੁਰਿੰਦਰ ਸਰ:** ਕੀ ਤੁਸੀਂ ਜਾਣਦੇ ਹੋ ਕਿ ਧਰਤੀ ‘ਤੇ ਜਲਵਾਯੂ ਨੂੰ ਪ੍ਰਭਾਵਿਤ ਕਰਨ ਵਾਲੀ ਲਗਭਗ ਸਾਰੀ ਊਰਜਾ ਸੂਰਜ ਤੋਂ ਨਿਕਲਦੀ ਹੈ..? ਇਹ ਊਰਜਾ ਖਲਾਅ ਵਿੱਚੋਂ ਲੰਘਦੀ ਹੋਈ ਧਰਤੀ ਦੇ ਵਾਯੂਮੰਡਲ ਨਾਲ ਟਕਰਾਉਂਦੀ ਹੈ...ਪਰ ਸਾਡੇ ਕੋਲ ਤਾਂ ਕੇਵਲ 40% ਪਹੁੰਚਦੀ ਹੈ.. ਬਾਕੀ ਵਾਯੂਮੰਡਲ ਦੁਆਰਾ ਜਾਂ ਤਾਂ ਸੋਖ ਲਈ ਜਾਂਦੀ ਹੈ ਅਤੇ ਜਾਂ ਫਿਰ ਵਾਪਸ ਭੇਜ ਦਿੱਤੀ ਜਾਂਦੀ ਹੈ..

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਸੱਤਵਾਂ**......

**( ਸਾਰੇ ਘਰ ਆਉਂਦੇ ਹਨ )**

**ਸਰਲਾ** : ਆ ਗਏ ਤੁਸੀਂ..? ਕਿਥੇ ਚਲੇ ਗਏ ਸੀ ?

**ਸੁਰਿੰਦਰ ਸਰ**: ਪਾਰਕ ਵੱਲ ਚਲੇ ਗਏ ਸੀ..

**ਸਰਲਾ** : ਤਾਂ ਬੱਚਿਓ! ਤੁਹਾਨੂੰ ਕੁਝ ਸਮਝ ਆਇਆ?

**ਸੁਮਿਤ** : ਹਾਂ ਮਾਂ, ਬਹੁਤ ਕੁਝ ਸਮਝ ਆ ਗਿਆ.. ਪਰ ਅਜੇ ਹੋਰ ਬਹੁਤ ਚੀਜ਼ਾਂ ਵੀ ਹਨ ਜਿਹੜੀਆਂ ਸਮਝਣੀਆਂ ਹਨ..

ਡਾ. ਸਹਿਗਲ ਦਾ ਪ੍ਰਵੇਸ

**ਸੁਮਿਤ-ਮਨੀਸ਼ਾ**: ਨਮਸਤੇ ਅੰਕਲ...

**ਸਰਲਾ** : ਆਉ ਸਰ, ਬੈਠੋ..

**ਡਾ. ਸਹਿਗਲ:** ਕੀ ਗੱਲ ਸਰਲਾ..! ਤੁਸੀਂ ਮੈਨੂੰ ਐਤਵਾਰ ਦੇ ਦਿਨ ਘਰ ਬੁਲਾਇਆ ਵਾ ......?

**ਸਰਲਾ** : ਸਰ, ਇਹ ਬੱਚੇ ਧਰਤੀ ਅਤੇ ਇਸ ਦੇ ਘਟਕਾਂ ਬਾਰੇ ਪੜ੍ਹ ਰਹੇ ਸਨ.. ਪਰ ਇਨ੍ਹਾਂ ਦੇ ਪ੍ਰਸ਼ਨ ਐਨੇ ਜਿਆਦਾ ਹਨ ਕਿ ਮੈਂ ਤਾਂ ਜਵਾਬ ਦੇ ਹੀ ਨਹੀਂ ਸਕਦੀ... ਇਸ ਲਈ ਮੈਂ ਆਪ ਨੂੰ ਅਤੇ ਸੁਰਿੰਦਰ ਸਰ ਨੂੰ ਬੁਲਾਇਆ.. ਇਹ ਸੁਮਿਤ ਅਤੇ ਮਨੀਸ਼ਾ ਦੇ ਵਿਗਿਆਨ ਦੇ ਅਧਿਆਪਕ ਹਨ..

**ਡਾ. ਸਹਿਗਲ**: ਮਿਲ ਕੇ ਬਹੁਤ ਖੁਸ਼ੀ ਹੋਈ..

**ਸੁਰਿੰਦਰ ਸਰ**: ਮੈਨੂੰ ਵੀ ਸਰ.. ਮੈਂ ਬੱਚਿਆਂ ਨੂੰ ਧਰਤੀ ਦੇ ਵਾਤਾਵਰਨ ਦੇ ਲਈ ਜ਼ਿੰਮੇਵਾਰ ਕਾਰਕਾਂ ਦੇ ਬਾਰੇ ਦੱਸਿਆ ਹੈ ਪਰ ਇਹ ਕਾਰਕ ਕਿਵੇਂ ਕੰਮ ਕਰਦੇ ਨੇ, ਅਜੇ ਇਸ 'ਤੇ ਚਰਚਾ ਕਰਨਾ ਬਾਕੀ ਹੈ।

**ਡਾ. ਸਹਿਗਲ**: ਠੀਕ ਹੈ ! ਇਹ ਕੰਮ ਮੈਂ ਕਰ ਦਿੰਦਾ ਹਾਂ ! ਬੱਚਿਓ ਜਾਉ ! ਕਾਗਜ਼ ਅਤੇ ਕਲਮ ਲੈ ਕੇ ਆਉ.. ਤਾਕਿ ਧਿਆਨ ਵਿਚ ਰੱਖਣ ਵਾਲੀਆਂ ਜਰੂਰੀ ਗੱਲਾਂ ਤੁਸੀਂ ਲਿਖ ਲਓਂ ਅਤੇ ਬਾਅਦ ਵਿਚ ਦੁਬਾਰਾ ਪੜ੍ਹ ਸਕੋ..

**ਮਨੀਸ਼ਾ ਤੇ ਸੁਮਿਤ**: ਠੀਕ ਹੈ ਸਰ !

**ਡਾ. ਸਹਿਗਲ**: ਸਭ ਤੋਂ ਮਹੱਤਵਪੂਰਨ ਗੱਲ ਕਿ ਜਿਨ੍ਹਾਂ ਵਿਭਿੰਨ ਕਾਰਕਾਂ 'ਤੇ ਤੁਸੀਂ ਚਰਚਾ ਕੀਤੀ ਹੈ, ਉਹ ਅਸਲ ਵਿਚ ਇਕ-ਦੂਜੇ ਨਾਲ ਗੱਲਾਂ ਕਰਦੇ ਹਨ... ਇਕ-ਦੂਜੇ ਨੂੰ ਜਾਣਦੇ ਹਨ... ਸਮਝਦੇ ਹਨ... ਇਕੱਠੇ ਹੱਸਦੇ ਹਨ ਅਤੇ ਰੋਂਦੇ ਹਨ... ਬਹਿਸ ਕਰਦੇ ਹਨ ਅਤੇ ਆਪਣੀ ਹੋਂਦ ਦਾ ਆਨੰਦ ਲੈਂਦੇ ਹਨ...

**ਸੁਮਿਤ**: ਹੈਂ ! ਉਹ ਕਿਵੇਂ ?

**ਡਾ. ਸਹਿਗਲ**: ਜਦੋਂ ਉਹ ਸਾਰੇ ਇਕੱਠੇ ਹੱਸਦੇ ਹਨ ਤਾਂ ਜਲਵਾਯੂ ਸਥਿਤੀਆਂ ਸੁੰਦਰ ਹੋ ਜਾਂਦੀਆਂ ਹਨ ਅਤੇ ਜਦੋਂ ਉਹ ਲੜਦੇ ਹਨ ਅਤੇ ਰੋਂਦੇ ਹਨ... ਤਾਂ ਅਸੀਂ ਖਰਾਬ ਜਲਵਾਯੂ ਪ੍ਰਸਥਿਤੀਆਂ ਦਾ ਸਾਹਮਣਾ ਕਰਦੇ ਹਾਂ..

**ਮਨੀਸ਼ਾ** : ਤੁਸੀਂ ਤਾਂ ਮਜ਼ਾਕ ਕਰ ਰਹੇ ਹੋ ਸਰ..!

**ਡਾ. ਸਹਿਗਲ:** ਮਜਾਕ ਨਹੀਂ.. ਹਕੀਕਤ ਹੈ ! ਬੁੱਧ ਕਹਿੰਦੇ ਹਨ -ਸਭ ਕੁਝ ਵਹਿੰਦਾ ਹੈ ਅਤੇ ਸਭ ਕੁਝ ਵਾਪਿਸ ਆ ਜਾਂਦਾ ਹੈ..! ਇਸੇ ਪ੍ਰਕਾਰ, ਜਲਵਾਯੂ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ ਇਕ ਚੱਕਰ ਵਿੱਚ ਚੱਲਦੇ ਹਨ.. ਪਾਣੀ ਸਮੁੰਦਰ ਅਤੇ ਧਰਤੀ ਤੋਂ ਵਾਸ਼ਪਿਤ ਹੋਕੇ ਵਾਯੂ ਮੰਡਲ ਵਿੱਚ ਪੁੱਜ ਜਾਂਦਾ ਹੈ.. ਇੱਥੇ ਸੰਘਣਨ ਹੋਕੇ ਵਾਸ਼ਪਾਂ ਤੋਂ ਮੁੜ ਪਾਣੀ ਬਣ ਜਾਂਦਾ ਹੈ..।

**ਸੁਮਿਤ:** ਇਹ ਪਾਣੀ ਫਿਰ ਬਰਫ਼, ਮੀਂਹ ਅਤੇ ਗੜਿਆਂ ਦੇ ਰੂਪ ਵਿਚ ਧਰਤੀ 'ਤੇ ਡਿੱਗ ਕੇ ਸਮੁੰਦਰਾਂ ਵਿੱਚ ਪੁੱਜ ਜਾਂਦਾ ਹੈ.. !

**ਡਾ. ਸਹਿਗਲ**: ਹਾਂ ! ਮੀਂਹ ਦੇ ਰੂਪ ਵਿਚ ਇਹ ਪਾਣੀ ਮਿੱਟੀ ਮਤਲਬ ਥਲ ਮੰਡਲ ਨੂੰ ਪ੍ਰਭਾਵਿਤ ਕਰਦਾ ਹੈ.. ਸੁਮਿਤ! ਬਗੀਚੇ ਚੋਂ ਥੋੜ੍ਹੀ ਮਿੱਟੀ ਲਿਆ !

**(ਸੁਮਿਤ ਭੱਜ ਕੇ ਮਿੱਟੀ ਲੈ ਆਉਂਦਾ ਹੈ)**

**ਸੁਮਿਤ** : ਇਹ ਲਉ ਸਰ..

**ਡਾ. ਸਹਿਗਲ:** ਹੁਣ ਸੁਣੋ ...! ਇਸ ਮਿੱਟੀ ਵਿਚ ਸਾਰੇ ਕਾਰਕ ਹਨ..ਜਿਵੇਂ ਥਲ ਮੰਡਲ ਵਾਲੇ ਖਣਿਜ, ਜਲਮੰਡਲ ਵਾਲੀ ਨਮੀ ਜੈਵ ਮੰਡਲ ਦੇ ਕੀੜੇ-ਮਕੌੜੇ ਤੇ ਪੌਦੇ ਅਤੇ ਮਿੱਟੀ ਦੇ ਟੁਕੜਿਆਂ ਵਿਚਲੀ ਹਵਾ ਹੈ.. ਵਾਯੂ ਮੰਡਲ ਦੀ । ਇਹ ਪੂਰੀ ਪ੍ਰਣਾਲੀ ਹੀ ਜੀਵਨ ਨੂੰ ਬਣਾਉਂਦੀ ਹੈ ਅਤੇ ਇਸ ਨੂੰ ਹੀ ਅਸੀਂ ਧਰਤੀ ਕਹਿੰਦੇ ਹਾਂ...

**ਸਰਲਾ** : ਬਹੁਤ ਵਧੀਆ ਢੰਗ ਨਾਲ ਸਮਝਾਇਆ ਸਰ ਤੁਸੀਂ...!

**ਡਾ. ਸਹਿਗਲ:** ਧਰਤੀ ਦਾ ਜ਼ਿਆਦਾਤਰ ਥਲੀ ਜੀਵਨ ਜ਼ਮੀਨ ਹੇਠਾਂ 3 ਮੀਟਰ ਤੋਂ ਜ਼ਮੀਨ ਦੇ ਉੱਪਰ 30 ਮੀਟਰ ਤੱਕ ਫੈਲਿਆ ਹੈ.. ਪਰ ਮਹਾਂਸਾਗਰਾਂ ਅਤੇ ਸਮੁੰਦਰਾਂ ਵਿਚ ਜ਼ਿਆਦਾਤਰ ਜਲੀ ਜੀਵਨ ਸਤਹਿ ਤੋਂ ਲਗਭਗ 200 ਮੀਟਰ ਡੂੰਘਾਈ ਤੱਕ ਮਿਲਦਾ ਹੈ..

**ਸੁਮਿਤ:** ਪਰ ਸਰ ! ਪੰਛੀ ਤਾਂ ਬਹੁਤ ਉਚੇ ਉਡਦੇ ਦਿਸਦੇ ਹਨ !

**ਡਾ. ਸਹਿਗਲ:** ਹਾਂ ! ਕੁਝ ਪ੍ਰਾਣੀ ਇਨ੍ਹਾਂ ਸੀਮਾਵਾਂ ਤੋਂ ਕਾਫੀ ਪਾਰ ਵੀ ਜਿਉਂਦੇ ਰਹਿੰਦੇ ਹਨ.. ਕੁਝ ਪੰਛੀ 8 ਕਿ.ਮੀ. ਉੱਚਾਈ ਤੱਕ ਤੇ ਕੁਝ ਮੱਛੀਆਂ ਸਮੁੰਦਰ ਵਿੱਚ 8 ਕਿ.ਮੀ. ਥੱਲੇ ਤੱਕ ਰਹਿੰਦੇ ਹਨ ।

**ਸੁਮਿਤ:** ਤੇ ਸੂਖਮਜੀਵ ਤਾਂ ਇਸ ਤੋਂ ਵੀ ਪਾਰ ਜਿਉਂਦੇ ਹੋਣਗੇ ਸਰ !

**ਡਾ. ਸਹਿਗਲ:** ਬਿਲਕੁਲ ਸਹੀ.. ਕੀ ਮੈਨੂੰ ਇਕ ਗਿਲਾਸ ਪਾਣੀ ਮਿਲ ਸਕਦਾ ਹੈ?

**ਸਰਲਾ** : ਜ਼ਰੂਰ ਸਰ......!

**ਮਨੀਸ਼ਾ** : ਮਾਂ, ਮੈਂ ਲੈ ਆਉਂਦੀ ਹਾਂ.. ਪਰ ਮੇਰੇ ਆਉਂਦੇ ਤੱਕ ਅੱਗੇ ਗੱਲਬਾਤ ਨਹੀਂ ਕਰਨੀ..

**ਸਰਲਾ** : ਠੀਕ ਹੈ !

**(ਸਾਰੇ ਹੱਸਦੇ ਹਨ)**

**ਮਨੀਸ਼ਾ** : ਇਹ ਲਉ ਪਾਣੀ... !

**(ਸਾਰੇ ਪਾਣੀ ਪੀਂਦੇ ਹਨ..)**

**ਸੁਮਿਤ** : ਤਾਂ ਕਿੱਥੇ ਸੀ ਅਸੀਂ?

**ਡਾ. ਸਹਿਗਲ:** ਇੱਥੇ ਹੀ.. **(ਹੱਸਦੇ ਹੋਏ)..!** ਵੈਸੇ , ਅਸੀਂ ਚਰਚਾ ਕਰ ਰਹੇ ਸੀ.. ਰੁੱਖਾਂ ਦੀ ਕਟਾਈ - ਮਿੱਟੀ ਦੀ ਗੁਣਵੱਤਾ ਵਿਚ ਗਿਰਾਵਟ.. ਜਲਵਾਯੂ ਪਰਿਵਰਤਨ - ਤੇਜ਼ ਮੀਂਹ - ਭੂ-ਖੋਰ - ਖੁਸ਼ਕ ਮੌਸਮ - ਤੇਜ਼ ਹਵਾ - ਸੁੱਕੀ ਮਿੱਟੀ ਦਾ ਹਵਾ ਵਿੱਚ ਉਡ ਜਾਣਾ- ਧਰਤੀ ਦਾ ਤਾਪਮਾਨ ਵਧਣਾ.. ਆਖਰਕਰ ਬਰਫ਼ ਦਾ ਪਿਘਲਣਾ- ਸਮੁੰਦਰ ਦਾ ਪੱਧਰ ਵਧਣਾ-ਹੜ੍ਹ ਅਤੇ ਸੁਨਾਮੀ ਆਉਣਾ ..!

**ਸੁਮਿਤ** : ਹੈਂ ! ਇਹ ਸਾਰੀਆਂ ਇਕ-ਦੂਜੇ ਨਾਲ ਐਨੀਆਂ ਜੁੜੀਆਂ ...?

**ਡਾ. ਸਹਿਗਲ:** ਹਾਂ.., ਮਿੱਟੀ ਦਾ ਕਟਾਅ - ਪੌਦਿਆਂ ਦੀ ਬਰਬਾਦੀ ਵਾਯੂਮੰਡਲ ਵਿਚਲੀ ਆਕਸੀਜਨ ਘਟਣੀ- ਅਣਚਾਹੀਆਂ ਗੈਸਾਂ ਅਤੇ ਕਣਾਂ ਦਾ ਵਾਧਾ - ਆਕਸੀਜਨ ਅਤੇ ਕਾਰਬਨਡਾਈਆਕਸਾਈਡ ਸੰਤੁਲਣ ਦਾ ਵਿਗਾੜ - ਜੈਵ ਮੰਡਲ ਦੇ ਲਗਭਗ ਸਾਰੇ ਤੱਤਾਂ ਦੀ ਹੋਂਦ ਦੇ ਲਈ ਖ਼ਤਰਾ..

**ਮਨੀਸ਼ਾ:** ਤਾਂ ਤੇ ਸਰ ਜੀਵਣ ਹੀ ਖਤਮ ਸਮਝੋ !

**ਡਾ. ਸਹਿਗਲ:** ਹਾਂ ਖਤਰਾ ਤਾਂ ਪੈਦਾ ਹੁੰਦਾ ਹੈ ਪਰ ਕੁਝ ਪ੍ਰਜਾਤੀਆਂ ਜੀਵਨ ਦੇ ਲਈ ਜ਼ਿਆਦਾ ਠੀਕ ਸਥਿਤੀਆਂ ਦੀ ਭਾਲ ਵਿਚ ਹੋਰ ਸਥਾਨਾਂ ‘ਤੇ ਚਲੀਆਂ ਜਾਂਦੀਆਂ ਹਨ..ਕੁਝ ਪ੍ਰਜਾਤੀਆਂ ਸਰੀਰ ਦਾ ਅਕਾਰ ਬਦਲ ਲੈਂਦੀਆਂ ਹਨ.. ਕਈ ਅਲੋਪ ਹੋ ਜਾਂਦੀਆਂ ਹਨ..

**ਸਰਲਾ** : ਹਾਂ ! ਧਰਤੀ ਦੀ ਜਲਵਾਯੂ-ਪ੍ਰਣਾਲੀ ਸਮੇਂ ਦੇ ਨਾਲ-ਨਾਲ ਬਦਲਦੀ ਰਹਿੰਦੀ ਹੈ !

**ਡਾ. ਸਹਿਗਲ:** ਇਸਦੇ ਕਾਰਨ ਨੇ ! ਇਸ ਦੀ ਆਪਣੇ ਅੰਦਰਲੀ ਗਤੀਸ਼ੀਲਤਾ ਤੇ ਬਲ ! ਜਿਵੇਂ ਜਵਾਲਾਮੁਖੀਆਂ ਦਾ ਫਟਣਾ, ਸੌਰ ਗਰਮੀ ਦਾ ਬਦਲਣਾ ਆਦਿ;

**ਸਰਲਾ:** ਖੇਤੀ, ਸ਼ਹਿਰੀਕਰਨ ਤੇ ਉਦਯੋਗੀਕਰਨ ਲਈ ਜੰਗਲਾਂ ਦੀ ਕਟਾਈ ਕਾਰਨ ਵੀ ਵਾਯੂ ਮੰਡਲ ਬਦਲਦਾ ਜਾਂਦਾ ਹੈ ।

**ਸੁਮਿਤ:** ਤਾਂ, ਕੀ ਜ਼ਿਆਦਾਤਰ ਜਲਵਾਯੂ ਪਰਿਵਰਤਨ ਮਨੁੱਖ ਪ੍ਰੇਰਿਤ ਹੈ.. ?

**ਡਾ. ਸਹਿਗਲ:** ਹਾਂ ! ਬਰਫ਼ ਦੀਆਂ ਚਟਾਨਾਂ ਆਪਣੇ-ਆਪ ਨਹੀਂ ਪਿਘਲ ਰਹੀਆਂ.. ਕਿਸੇ ਸਮੁੰਦਰ ਜਾਂ ਨਦੀ ਦੇ ਪਾਣੀ ਦਾ ਪੱਧਰ ਆਪਣੇ-ਆਪ ਨਹੀਂ ਵਧ ਰਿਹਾ.. ਇਹ ਨਤੀਜਾ ਹੈ-ਸਾਡੇ ਵੱਲੋਂ ਜੰਗਲ ਵੱਢ ਕੇ ਕੰਕ੍ਰੀਟ ਦੇ ਢਾਂਚੇ ਬਣਾਉਣ ਦਾ !

**ਸਰਲਾ:** ਹਾਂ, 2025 ਤੱਕ ਬੈਂਗਲੂਰੁ ਦਾ 95% ਹਿੱਸਾ ਕੰਕਰੀਟ ਹੋਵੇਗਾ.. ਇਸੇ ਚੱਕਰ ਵਿਚ ਬਲੀ ਚੜ੍ਹਦੀਆਂ ਨੇ ਝੀਲਾਂ ਅਤੇ ਹਰਿਆਲੀ !

**ਡਾ. ਸਹਿਗਲ:** ਹਵਾ ਆਪੇ ਪ੍ਰਦੂਸ਼ਿਤ ਨਹੀਂ ਹੋ ਰਹੀ.. ਸਾਡੀਆਂ ਗਤੀਵਿਧੀਆਂ ਕਰਦੀਆਂ ਨੇ ਖਰਾਬ ਕੁਦਰਤੀ ਚੱਕਰਾਂ ਨੂੰ ! ਸੋ ਜਲਵਾਯੂ ਪਰਿਵਰਤਨ ਹੈ ਸਾਡੇ ਸਮੇਂ ਦੀਆਂ ਸਭ ਤੋਂ ਪ੍ਰਮੁੱਖ ਚਣੌਤੀਆਂ ਵਿੱਚੋਂ ਇਕ .. !

**ਸੁਮਿਤ** : ਇਸ ਦਾ ਮਤਲਬ ਮੇਰਾ ਸੁਪਨਾ ਸੱਚ ਹੋ ਜਾਵੇਗਾ..?

**ਡਾ. ਸਹਿਗਲ:** ਸੁਪਨਾ.. ਕਿਹੜਾ ਸੁਪਨਾ ?

**ਮਨੀਸ਼ਾ:** ਸਰ ! ਵੀਰੇ ਨੇ ਸੁਪਨੇ ਵਿੱਚ ਜਲਵਾਯੂ ਬਦਲਾ ਕਾਰਨ ਪਿਘਲਦੀ ਬਰਫ ਤੇ ਡੁਬਦੇ ਟਾਪੂ ਵੇਖੇ ਨੇ !

**ਡਾ. ਸਹਿਗਲ:** ਅੱਛਾ ! ਚਲੋ ਬੱਚਿਓ ! ਧਿਆਨ ਦਿਓ ਕਿ ਪਿਛਲੇ 100 ਸਾਲਾਂ ਵਿਚ, ਭਾਰਤ ਵਿਚ ਔਸਤਨ ਤਾਪਮਾਨ $1.1^0$ ਸੈਲਸੀਅਸ ਵਧ ਗਿਆ ਹੈ.. ਮੌਨਸੂਨੀ ਮੌਸਮ ਤੋਂ ਛੁੱਟ, ਬਾਕੀ ਤਿੰਨੇ ਮੌਸਮਾਂ ਵਿਚ ਤਾਪਮਾਨ ਵਾਧੇ ਨੇ ਪੈਰਿਸ ਸਮਝੌਤੇ ਦੁਆਰਾ ਨਿਰਧਾਰਿਤ 1.5 ਡਿਗਰੀ ਸੈਲਸੀਅਸ ਦੇ ਟੀਚੇ ਨੂੰ ਪਾਰ ਕੀਤਾ ਹੈ..

**ਸਰਲਾ:** ਤਾਜ਼ਾ ਖੋਜਾਂ ਮੁਤਾਬਿਕ.. ਜਲਵਾਯੂ ਪਰਿਵਰਤਨ ਦੇ ਕਾਰਨ ਸਭ ਤੋਂ ਜ਼ਿਆਦਾ ਨੁਕਸਾਨ ਝੱਲਣ ਵਾਲੇ ਦੇਸਾਂ ਵਿੱਚ ਭਾਰਤ ਸ਼ਾਮਲ ਹੋਵੇਗਾ ।

**ਸੁਮਿਤ** : ਇਹ ਤਾਂ ਦੁੱਖ ਦੀ ਗੱਲ ਹੈ..!

**ਡਾ. ਸਹਿਗਲ:** ਹਾਲਾਤ ਪਹਿਲਾਂ ਨਾਲੋਂ ਮਾੜੇ ਹਨ.. ਜਲਵਾਯੂ ਪਰਿਵਰਤਨ ਹਰ ਥਾਂ ਵਿਖਾਈ ਦਿੰਦਾ ਹੈ- ਪਰ ਜੇਕਰ ਅਸੀਂ ਤੱਥਾਂ ਨੂੰ ਸਮਝਕੇ ਆਪਣੇ ਰੋਜ਼ਾਨਾ ਕਾਰਜਾਂ ਵਿਚ ਸੁਧਾਰ ਕਰੀਏ , ਤਾਂ ਜਿਨ੍ਹਾਂ ਕਾਰਕਾਂ 'ਤੇ ਅਸੀਂ ਚਰਚਾ ਕੀਤੀ ਹੈ, ਉਨ੍ਹਾਂ 'ਤੇ ਕਾਬੂ ਪਾਇਆ ਜਾ ਸਕਦਾ ਹੈ..

**ਮਨੀਸ਼ਾ** : ਸਰ, ਤਾਂ ਤੁਸੀਂ ਇਹ ਆਖਣਾ ਚਾਹੁੰਦੇ ਹੋ ਕਿ ਅਜੇ ਵੀ ਦੇਰ ਨਹੀਂ ਹੋਈ .. ਹਾਲਾਤ ਨੂੰ ਕਾਬੂ ਕੀਤਾ ਜਾ ਸਕਦਾ ਹੈ..

**ਡਾ. ਸਹਿਗਲ:** ਬਿਲਕੁਲ.. ਸਾਨੂੰ ਹਮੇਸ਼ਾ ਚੰਗਾ ਹੀ ਸੋਚਣਾ ਚਾਹੀਦਾ ਹੈ ਅਤੇ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ.. ਵਿਵਹਾਰਿਕ ਵਿਕਲਪਾਂ ਦੀ ਤਲਾਸ਼ ਕਰਨ ਵਿਚ ਲੱਗੇ ਰਹਿਣ ਦੀ ਲੋੜ ਹੈ ! ਇਸ ਤਰ੍ਹਾਂ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਉਹ ਸਭ ਕੁਝ ਦੇ ਸਕਦੇ ਜਿਹੜਾ ਅਸੀਂ ਆਪਣੇ ਜੀਵਨ ਵਿਚ ਵੇਖਿਆ ਹੈ..

**ਸੁਮਿਤ-ਮਨੀਸ਼ਾ:** ਬੱਲੇ ! ਬੱਲੇ !

**ਸਰਲਾ** : ਚੱਲੋ ਘੱਟੋ ਘੱਟ ਇਹ ਬੱਚੇ ਹੱਸੇ ਤਾਂ ਸਹੀ.. ਖੁਸ਼ ਤਾਂ ਹੋਏ.. ਕੱਲ੍ਹ ਤੋਂ ਬਹੁਤ ਪ੍ਰੇਸ਼ਾਨ ਸਨ.. ਮੈਂ ਤਾਂ ਡਰ ਹੀ ਗਈ ਸੀ.. ਪਰ ਹੁਣ ਲੱਗਦਾ ਹੈ ਇਨ੍ਹਾਂ ਨੂੰ ਕਾਫ਼ੀ ਸਾਰੀਆਂ ਗੱਲਾਂ ਸਮਝ ਆ ਗਈਆਂ ਹਨ.. !

**ਸੁਮਿਤ-ਮਨੀਸ਼ਾ:** ਹੁਣ ਅਸੀਂ ਜਾਣ ਗਏ ਕਿ ਆਪਣੀ ਧਰਤੀ ਨੂੰ ਬਚਾਉਣ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ ਤੇ ਕੀ ਨਹੀਂ..

**ਸਰਲਾ:** ਹਾਂ ! ਹੁਣ ਤਾਂ ਇਹ ਆਪਣੀ ਉਮਰ ਦੇ ਹਿਸਾਬ ਜ਼ਿਆਦਾ ਜਾਣਦੇ ਹਨ.

**(ਸਾਰੇ ਹੱਸਦੇ ਹਨ)**

**ਡਾ. ਸਹਿਗਲ:** ਹੁਣ ਮੈਂ ਚੱਲਦਾ ਹਾਂ.. ਤੁਹਾਨੂੰ ਸਾਰਿਆਂ ਨੂੰ ਮਿਲ ਕੇ ਬਹੁਤ ਚੰਗਾ ਲੱਗਿਆ.. ਖ਼ਾਸ ਤੌਰ 'ਤੇ ਇਨ੍ਹਾਂ ਪਿਆਰੇ ਬੱਚਿਆਂ ਨਾਲ ਮਿਲ ਕੇ.. !

**ਸਰਲਾ** : ਓ ਨਹੀਂ ਸਹਿਗਲ ਸਾਹਿਬ.. ਖਾਣੇ ਦਾ ਸਮਾਂ ਹੋ ਗਿਆ ਹੈ.. ਲੰਚ ਕਰਕੇ ਜਾਇਓ..

**ਡਾ. ਸਹਿਗਲ:**: ਨਹੀਂ ਮੈਡਮ.. ਅੱਜ ਰਹਿਣ ਦਿਉ.. ਬਹੁਤ ਦੇਰ ਹੋ ਗਈ ਹੈ.. ਹੁਣ ਮੈਂ ਚੱਲਦਾ ਹਾਂ.. ਜਲਦੀ ਹੀ ਫਿਰ ਮੁਲਾਕਾਤ ਹੋਵੇਗੀ..

**ਸੁਮਿਤ-ਮਨੀਸ਼ਾ:** ਬਹੁਤ-ਬਹੁਤ ਧੰਨਵਾਦ ਅੰਕਲ ! ਤੁਸੀਂ ਸਾਡੀ ਬਹੁਤ ਮੱਦਦ ਕੀਤੀ ਹੈ ...

**(ਸਾਰੇ ਇਕ-ਦੂਜੇ ਨੂੰ ਬਾਏ ਕਰਦੇ ਹਨ)**

**ਸ਼ਰਲਾ** : ਚੱਲੋ ਬੱਚਿਓ! ਹੁਣ ਖਾਣਾ ਖਾ ਲਉ..

**ਸੁਮਿਤ-ਮਨੀਸ਼ਾ:** ਵਾਹ ਮਾਂ ! ਕਿਆ ਜੁਗਤ ਬਨਾਈ ! ਸਮਝਾ ਵੀ ਦਿੱਤਾ ਤੇ ਲਾਠੀ ਵੀ ਬਚਾਈ !

**(ਸੰਗੀਤ ਨਾਲ ਕੜੀ ਦਾ ਅੰਤ)**

*****************************

**ਪ੍ਰਸ਼ਨ:**

**ਪ੍ਰਸ਼ਨ 1 ਸਾਡੀ ਧਰਤੀ ਕਿੰਨ੍ਹਾਂ ਮੰਡਲਾਂ ਵਿੱਚ ਵੰਡੀ ਹੈ ?**

ਉੱਤਰ: ਪੰਜ ਮੰਡਲਾਂ ਵਿੱਚ , ਜਲ ਮੰਡਲ, ਥਲ ਮੰਡਲ, ਵਾਂਯੂ ਮੰਡਲ, ਜੈਵ ਮੰਡਲ ਤੇ ਹਿੰਮ ਮੰਡਲ !

**ਪ੍ਰਸ਼ਨ 2: ਧਰਤੀ ਵਿੱਚ ਚਲਦੇ ਚੱਕਰਾਂ ਵਿੱਚ ਖਲਲ ਨਾਲ ਕੀ ਵਾਪਰੇਗਾ ?**

ਉੱਤਰ: ਧਰਤੀ ਦਾ ਤਾਪਮਾਨ ਵਧੇਗਾ , ਬਰਫਾਨੀ ਚੋਟੀਆਂ ਪਿਘਲਣ ਨਾਲ ਸਮੁੰਦਰ ਦਾ ਤਲ ਚੜ੍ਹ ਜਾਵੇਗਾ ਟਾਪੂ ਤੇ ਬਸਤੀਆਂ ਡੁੱਬ ਜਾਣਗੀਆਂ ।